# ਆਸ ਨਾ ਛੱਡੋ!



ਆਸ਼ਿਸ਼ ਰਾਏਚੂਰ

## ਮੁਫ਼ਤ ਵੰਡਣ ਦੇ ਲਈ

ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰੀਚ ਬੈਂਗਲੋਰ, ਭਾਰਤ ਵੱਲੋਂ ਛਾਪੀ ਅਤੇ ਵੰਡੀ ਗਈ।
ਮੌਜੂਦਾ ਸੰਸਕਰਣ: 2023

## ਸੰਪਰਕ ਕਰਨ ਦੇ ਲਈ ਜਾਣਕਾਰੀ

All Peoples Church & World Outreach,
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

Phone: +91-80-25452617
Email: **bookrequest@apcwo.org**
Website: **apcwo.org**

ਇਸ ਕਿਤਾਬ ਵਿੱਚ ਇਸਤੇਮਾਲ ਕੀਤੇ ਗਏ ਬਾਈਬਲ ਦੇ ਹਵਾਲੇ ਬਾਈਬਲ ਸੋਸਾਇਟੀ ਆਫ਼ ਇੰਡੀਆ ਦੇ ਪੁਰਾਣੇ ਸੰਸਕਰਣ ਤੋਂ ਇਜਾਜ਼ਤ ਲੈ ਕੇ ਵਰਤੇ ਗਏ ਹਨ। ਕਾਪੀਰਾਈਟ © 2006 ਸਾਰੇ ਅਧਿਕਾਰ ਰਾਖਵੇਂ ਹਨ।

## ਵਿੱਤੀ ਸਾਂਝੇਦਾਰੀ

ਇਸ ਪ੍ਰਕਾਸ਼ਨ ਨੂੰ ਮੁਫਤ ਵੰਡਣ ਦਾ ਕੰਮ ਆਲ ਪੀਪਲਜ਼ ਚਰਚ ਦੇ ਮੈਂਬਰਾਂ, ਸਾਂਝੇਦਾਰਾਂ ਅਤੇ ਦੋਸਤਾਂ ਦੇ ਵਿੱਤੀ ਸਹਿਯੋਗ ਨਾਲ ਸੰਭਵ ਹੋ ਪਾਇਆ ਹੈ। ਜੇ ਤੁਸੀਂ ਇਸ ਪ੍ਰਕਾਸ਼ਨ ਦੇ ਮੁਫ਼ਤ ਵੰਡੇ ਜਾਣ ਦੁਆਰਾ ਬਰਕਤ ਪਾਈ ਹੈ, ਤਾਂ ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਤੁਸੀਂ ਵੀ ਆਲ ਪੀਪਲਜ਼ ਚਰਚ ਦੇ ਇਸ ਪ੍ਰਕਾਸ਼ਨ ਦੀ ਮੁਫ਼ਤ ਛਪਾਈ ਅਤੇ ਇਸਦੇ ਵੰਡੇ ਜਾਣ ਵਿੱਚ ਸਹਿਯੋਗੀ ਬਣੋ। ਆਪਣਾ ਸਹਿਯੋਗ ਦੇਣ ਲਈ, ਕਿਰਪਾ ਕਰਕੇ **apcwo.org/give** ਜਾਂ ਇਸ ਕਿਤਾਬ ਦੇ ਆਖ਼ਰੀ ਪੰਨੇ ਉੱਤੇ ਦਿੱਤੇ ਗਏ ਪਤੇ "ਆਲ ਪੀਪਲਜ਼ ਚਰਚ ਨਾਲ ਸੰਪਰਕ ਕਰਕੇ ਸਹਿਭਾਗੀ ਬਣੋ।" ਤੁਹਾਡਾ ਧੰਨਵਾਦ ਹੋਵੇ!

## ਮੁਫ਼ਤ ਸਾਧਨਾਂ ਸੰਬੰਧੀ ਵੈੱਬਸਾਈਟਾਂ

**ਪ੍ਰਚਾਰ:** apcwo.org/sermons | **ਪੁਸਤਕਾਂ:** apcwo.org/books | **ਚਰਚ ਐਪ:** apcwo.org/app
**ਬਾਈਬਲ ਕਾਲਜ:** apcbiblecollege.org | **ਈ-ਲਰਨਿੰਗ:** apcbiblecollege.org /elearn
**ਕਾਊਂਸਲਿੰਗ:** chrysalislife.org | **ਸੰਗੀਤ:** apcmusic.org
**ਸੇਵਕਾਂ ਦੀ ਸੰਗਤੀ:** pamfi.org | **ਏ ਪੀ ਸੀ ਵਰਲਡ ਮਿਸ਼ਨਾਂ:** apcworldmissions.org

(Punjabi — Don't Lose Hope!)

# ਆਸ ਨਾ ਛੱਡੋ!

# ਵਿਸ਼ਾ-ਸੂਚੀ


1. ਜ਼ਿੰਦਗੀ ਹਮੇਸ਼ਾਂ ਅਸਾਨ ਨਹੀਂ ਹੁੰਦੀ 1

2. ਆਸ—ਸਾਡੇ ਮਸੀਹੀ ਜੀਵਨ ਦਾ ਇੱਕ ਜ਼ਰੂਰੀ ਹਿੱਸਾ ਹੈ 3

3. ਆਸ ਦੀ ਮਹੱਤਤਾ 5

4. ਉਹ ਪਰਮੇਸ਼ੁਰ ਜੋ ਆਸਹੀਣ ਹਾਲਾਤ ਨੂੰ ਬਦਲਦਾ ਹੈ 7

5. ਆਸਹੀਣ ਹਾਲਾਤ ਵਿੱਚ ਆਸ ਲਈ ਅਧਾਰ 11

6. ਮੈਨੂੰ ਇੱਕ ਨਿਰਾਸ਼ ਹਾਲਾਤ ਵਿੱਚ ਕੀ ਕਰਨਾ ਚਾਹੀਦਾ ਹੈ? 17

# 1
# ਜ਼ਿੰਦਗੀ ਹਮੇਸ਼ਾਂ ਅਸਾਨ ਨਹੀਂ ਹੁੰਦੀ

ਅਸੀਂ ਸਾਰੇ ਬਹੁਤ ਸਾਰੇ ਸੁਪਨਿਆਂ, ਉਦੇਸ਼ਾਂ, ਇੱਛਾਵਾਂ ਅਤੇ ਪ੍ਰੇਰਨਾਵਾਂ ਨਾਲ ਆਪਣੀ ਜ਼ਿੰਦਗੀ ਦੀ ਯਾਤਰਾ ਸ਼ੁਰੂ ਕਰਦੇ ਹਾਂ। ਬਹੁਤ ਜੋਸ਼ ਨਾਲ ਅਸੀਂ ਆਪਣੀ ਜ਼ਿੰਦਗੀ ਵਿੱਚ ਕੁਝ ਕਰਨ ਦੀ ਯੋਜਨਾ ਬਣਾਉਂਦੇ ਹਾਂ, ਕਿਤੇ ਪਹੁੰਚਣ ਲਈ ਅਤੇ ਜ਼ਿੰਦਗੀ ਵਿੱਚ ਕੁਝ ਬਣਨ ਦੇ ਲਈ ਯੋਜਨਾ ਬਣਾਉਂਦੇ ਹਾਂ। ਪਰ ਰਾਹ ਵਿੱਚ ਕਿਤੇ ਨਾ ਕਿਤੇ ਅਸੀਂ ਤੂਫਾਨਾਂ ਵਿੱਚ ਫਸ ਜਾਂਦੇ ਹਾਂ। ਜ਼ਿੰਦਗੀ ਹਮੇਸ਼ਾਂ ਅਸਾਨ ਨਹੀਂ ਹੁੰਦੀ। ਅਸੀਂ ਅਕਸਰ ਚਾਹੁੰਦੇ ਹਾਂ ਕਿ ਜ਼ਿੰਦਗੀ ਇੱਕ ਪਰੀ ਕਹਾਣੀ ਵਾਂਗ ਅਸਾਨ ਹੋਵੇ। ਪਰ ਅਜਿਹਾ ਹਮੇਸ਼ਾਂ ਨਹੀਂ ਹੁੰਦਾ। ਅਣਚਾਹੀਆਂ ਚੁਣੌਤੀਆਂ, ਮੁਸ਼ਕਿਲਾਂ ਅਤੇ ਸਥਿਤੀਆਂ ਰਾਹ ਵਿੱਚ ਆਉਂਦੀਆਂ ਹਨ। ਇਹ ਅਜਿਹੇ ਸਮਿਆਂ ਦੌਰਾਨ ਹੁੰਦਾ ਹੈ ਜਦੋਂ ਅਜਿਹਾ ਲੱਗਦਾ ਹੈ ਕਿ ਸਾਡੇ ਟੀਚੇ ਅਤੇ ਸੁਪਨੇ ਟੁੱਟ ਰਹੇ ਹਨ। ਕਈ ਵਾਰ ਅਸੀਂ ਆਪਣੇ ਆਪ ਨੂੰ ਅਜਿਹੇ ਹਾਲਾਤ ਵਿੱਚ ਪਾਉਂਦੇ ਹਾਂ ਜੋ ਅਕਸਰ ਨਿਰਾਸ਼ ਜਾਪਦੇ ਹਨ। ਅਸੀਂ ਉਮੀਦ ਛੱਡਣੀ ਸ਼ੁਰੂ ਕਰ ਦਿੰਦੇ ਹਾਂ। ਅਸੀਂ ਸੋਚਣਾ ਸ਼ੁਰੂ ਕਰ ਦਿੰਦੇ ਹਾਂ, “ਮੈਂ ਕਦੇ ਵੀ ਅਜਿਹਾ ਨਹੀਂ ਕਰ ਸਕਾਂਗਾ” ਜਾਂ “ਆਪਣੇ ਉਦੇਸ਼ਾਂ ਨੂੰ ਪੂਰਾ ਨਹੀਂ ਕਰ ਸਕਾਂਗਾ।” ਅਸੀਂ ਨਿਰਾਸ਼ ਹਾਂ ਕਿ ਕੀ ਅਸੀਂ ਕਦੇ ਆਪਣੇ ਉਦੇਸ਼ਾਂ ਨੂੰ ਪੂਰਾ ਕਰ ਸਕਾਂਗੇ ਜਾਂ ਨਹੀਂ।

ਜ਼ਿੰਦਗੀ ਵਿੱਚ ਕਈ ਵਾਰ ਅਜਿਹੇ ਝਟਕੇ ਆਉਂਦੇ ਹਨ ਅਤੇ ਅਜਿਹੇ ਹਾਲਾਤ ਪੈਦਾ ਹੋ ਜਾਂਦੇ ਹਨ ਜਿਨ੍ਹਾਂ ਲਈ ਅਸੀਂ ਤਿਆਰ ਵੀ ਨਹੀਂ ਹੁੰਦੇ। ਅਸੀਂ ਆਪਣੇ ਆਪ ਨੂੰ ਇੱਕ ਚੌਰਾਹੇ ਉੱਤੇ ਪਾਉਂਦੇ ਹਾਂ ਜਿਸ ਵਿੱਚ ਕਿਤੇ ਵੀ ਜਾ ਨਹੀਂ ਸਕਦੇ। ਤੁਹਾਡੇ ਵਿੱਚੋਂ ਕੁਝ ਇਸ ਕਿਤਾਬ ਨੂੰ ਪੜ੍ਹ ਰਹੇ ਹਨ, ਸ਼ਾਇਦ ਇਸ ਸਮੇਂ ਆਸਹੀਣ ਹਾਲਾਤ ਵਿੱਚ ਹਨ। ਇਹ ਤੁਹਾਡੀ ਨੌਕਰੀ, ਕਾਰੋਬਾਰ, ਸਿੱਖਿਆ, ਘਰ, ਵਿਆਹ ਅਤੇ ਪਰਿਵਾਰਿਕ ਸਥਿਤੀ ਹੋ ਸਕਦੀ ਹੈ। ਜ਼ਿੰਦਗੀ ਵਿੱਚ ਬਹੁਤ ਸਾਰੀਆਂ ਚੀਜ਼ਾਂ ਗ਼ਲਤ ਹੋ ਗਈਆਂ ਹਨ। ਪਰ ਮੈਂ ਤੁਹਾਨੂੰ ਉਤਸ਼ਾਹਿਤ ਕਰਨਾ ਚਾਹੁੰਦਾ ਹਾਂ ਕਿ ਬਾਈਬਲ ਦਾ ਪਰਮੇਸ਼ੁਰ ਮੁਰਦਿਆਂ ਨੂੰ ਦੁਬਾਰਾ ਜ਼ਿੰਦਾ ਕਰਨ ਵਿੱਚ ਮਾਹਿਰ ਹੈ—ਪ੍ਰਤੀਤ ਤੌਰ ਉੱਤੇ ਮਰੇ ਹੋਏ ਹਾਲਾਤ ‘ਤੇ ਸਥਿਤੀਆਂ ਵਿੱਚ ਜੀਵਨ ਦੇਣ ਲਈ। ਉਹ ਆਸਹੀਣ ਹਾਲਾਤ ਨੂੰ ਸਾਡੇ ਆਲੇ ਦੁਆਲਿਓਂ ਬਦਲਣ ਵਿੱਚ ਮਾਹਿਰ ਹੈ। ਆਮੀਨ! ਜੇਕਰ ਉਹ ਤੁਹਾਡੇ ਨਾਲ ਹੈ ਤਾਂ ਤੁਸੀਂ ਸਭ ਤੋਂ ਆਸਹੀਣ ਹਾਲਾਤ ਵਿੱਚ ਵੀ ਆਸ ਰੱਖ ਸਕਦੇ ਹੋ। ਭਾਵੇਂ ਸਭ ਕੁਝ ਆਸਹੀਣ ਲੱਗਦਾ ਹੈ, ਤੁਸੀਂ ਅਜੇ ਵੀ ਜੇਤੂ ਹੋ ਸਕਦੇ ਹੋ। ਇਹ ਕਿਤਾਬ ਹੌਸਲਾ ਅਤੇ ਹਿੰਮਤ ਦੇ ਸਧਾਰਨ ਸ਼ਬਦਾਂ ਦੀ ਪੇਸ਼ਕਸ਼ ਕਰਦੀ ਹੈ ਤਾਂ ਜੋ ਅਸੀਂ ਆਸ ਨਾ ਛੱਡੀਏ।

## ਆਸ ਰੱਖਣ ਦੀ ਮਹੱਤਤਾ

ਆਸ ਰੱਖਣਾ ਬਹੁਤ ਜ਼ਰੂਰੀ ਹੈ।“ਆਸ” ਤੋਂ ਸਾਡਾ ਮਤਲਬ ਉਹ ਚੀਜ਼ ਹੈ ਜਿਸਦੀ

ਅਸੀਂ ਉਮੀਦ ਕਰਦੇ ਹਾਂ ਅਤੇ ਉਸ ਦਾ ਪਾਲਣ ਕਰਦੇ ਹਾਂ, ਇੱਕ ਇੱਛਾ, ਸੁਪਨਾ ਜਾਂ ਚਾਹਤ। ਆਸ ਮਸੀਹੀ ਲੋਕਾਂ ਦੇ ਜੀਵਨ ਦਾ ਸਭ ਤੋਂ ਮਹੱਤਵਪੂਰਨ ਪਹਿਲੂਆਂ ਵਿੱਚੋਂ ਇੱਕ ਹੈ। ਬਾਈਬਲ ਸਾਨੂੰ ਦੱਸਦੀ ਹੈ ਕਿ ਸਾਡੇ ਮਸੀਹੀ ਜੀਵਨ ਵਿੱਚ ਤਿੰਨ ਚੀਜ਼ਾਂ ਜ਼ਰੂਰੀ ਹਨ—ਉਨ੍ਹਾਂ ਵਿੱਚੋਂ ਇੱਕ ਆਸ ਹੈ।

**1 ਕੁਰਿੰਥੀਆਂ 13:13**

**ਹੁਣ ਤਾਂ ਨਿਹਚਾ, ਆਸ, ਪ੍ਰੇਮ, ਇਹ ਤਿੰਨੇ ਰਹਿੰਦੇ ਹਨ ਪਰ ਇਹਨਾਂ ਵਿੱਚੋਂ ਉੱਤਮ ਪ੍ਰੇਮ ਹੀ ਹੈ।**

# 2
# ਆਸ—ਸਾਡੇ ਮਸੀਹੀ ਜੀਵਨ ਦਾ ਇੱਕ ਜ਼ਰੂਰੀ ਹਿੱਸਾ ਹੈ

ਵਿਸ਼ਵਾਸੀ ਹੋਣ ਦੇ ਨਾਤੇ ਅਸੀਂ ਆਉਣ ਵਾਲੀਆਂ ਬਹੁਤ ਸਾਰੀਆਂ ਚੀਜ਼ਾਂ ਦੀ ਉਡੀਕ ਕਰਦੇ ਹਾਂ।

## ਅਸੀਂ ਸਦੀਪਕ ਜੀਵਨ ਦੀ ਉਡੀਕ ਕਰਦੇ ਹਾਂ

**ਤੀਤੁਸ 1:2**

**ਉਸ ਸਦੀਪਕ ਜੀਵਨ ਦੀ ਆਸ ਉੱਤੇ ਜਿਹ ਦਾ ਪਰਮੇਸ਼ੁਰ ਨੇ ਜੋ ਝੂਠ ਬੋਲ ਨਹੀਂ ਸਕਦਾ ਸਨਾਤਨ ਸਮਿਆਂ ਤੋਂ ਵਾਇਦਾ ਕੀਤਾ ਸੀ।**

ਹਾਲਾਂਕਿ ਸਦੀਪਕ ਜੀਵਨ ਇੱਕ ਅਜਿਹੀ ਚੀਜ਼ ਹੈ ਜੋ ਸਾਡੀਆਂ ਰੂਹਾਂ ਵਿੱਚ ਹੈ, ਇਹ ਭਵਿੱਖ ਲਈ ਇੱਕ ਆਸ ਵੀ ਹੈ।

## ਮਹਿਮਾ ਦੀ ਆਸ

**ਕੁਲੁੱਸੀਆਂ 1:27**

**ਜਿਨ੍ਹਾਂ ਨੂੰ ਪਰਮੇਸ਼ੁਰ ਨੇ ਮਹਿਰਮ ਕਰਨਾ ਚਾਹਿਆ ਭਈ ਪਰਾਈਆਂ ਕੌਮਾਂ ਵਿੱਚ ਇਸ ਭੇਤ ਦੇ ਧਨ ਦਾ ਪਰਤਾਪ ਕੀ ਹੈ, ਸੋ ਇਹ ਮਸੀਹ ਤੁਹਾਡੇ ਵਿੱਚ ਪਰਤਾਪ ਦੀ ਆਸ ਹੈ।**

ਸਾਡੇ ਵਿੱਚ ਮਸੀਹ ਮਹਿਮਾ ਦੀ ਆਸ ਹੈ। ਆਉਣ ਵਾਲੇ ਸੰਸਾਰ ਦੀ ਆਸ, ਇੱਕ ਅਜਿਹੀ ਦੁਨੀਆਂ ਜੋ ਮੌਜੂਦਾ ਸੰਸਾਰ ਨਾਲੋਂ ਬਹੁਤ ਵਧੀਆ ਹੈ ਜਿਸ ਵਿੱਚ ਅਸੀਂ ਰਹਿੰਦੇ ਹਾਂ। ਅਸੀਂ ਸਵਰਗ ਵਿੱਚ ਪਰਮੇਸ਼ੁਰ ਨਾਲ ਸਮਾਂ ਬਿਤਾਉਣ ਦੀ ਆਸ ਕਰਦੇ ਹਾਂ।

## ਮੁਕਤੀ ਦੀ ਆਸ

**1 ਥੱਸਲੁਨੀਕੀਆਂ 5:8**

**ਪਰ ਅਸੀਂ ਜਦੋਂ ਦਿਨ ਦੇ ਹਾਂ ਤਾਂ ਨਿਹਚਾ ਅਤੇ ਪ੍ਰੇਮ ਦੀ ਸੰਜੋ ਅਤੇ ਮੁਕਤੀ ਦੀ ਆਸ ਨੂੰ ਟੋਪ ਦੇ ਥਾਂ ਪਹਿਨ ਕੇ ਸੁਚੇਤ ਰਹੀਏ।**

**1 ਪਤਰਸ 1:7–9**

**7 ਤਾਂ ਜੋ ਤੁਹਾਡੀ ਪਰਖੀ ਹੋਈ ਨਿਹਚਾ ਜਿਹੜੀ ਨਾਸ਼ ਹੋਣ ਵਾਲੇ ਸੋਨੇ ਨਾਲੋਂ ਭਾਵੇਂ ਉਹ ਅੱਗ ਵਿੱਚ ਤਾਇਆ ਵੀ ਜਾਵੇ ਅੱਤ ਭਾਰੇ ਮੁੱਲ ਦੀ ਹੈ ਯਿਸੂ ਮਸੀਹ ਦੇ ਪ੍ਰਗਟ ਹੋਣ ਦੇ ਸਮੇਂ ਉਸਤਤ, ਮਹਿਮਾ ਅਤੇ ਆਦਰ ਦੇ ਯੋਗ ਨਿੱਕਲੇ।**

**[8] ਜਿਹ ਦੇ ਨਾਲ ਬਿਨ ਵੇਖੇ ਤੁਸੀਂ ਪ੍ਰੇਮ ਰੱਖਦੇ ਹੋ ਅਤੇ ਭਾਵੇਂ ਹੁਣ ਉਹ ਨੂੰ ਨਹੀਂ ਵੇਖਦੇ ਤਾਂ ਵੀ ਓਸ ਉੱਤੇ ਨਿਹਚਾ ਕਰ ਕੇ ਐੱਡਾ ਅਨੰਦ ਕਰਦੇ ਹੋ ਜੋ ਵਰਨਣ ਤੋਂ ਬਾਹਰ ਅਤੇ ਤੇਜ ਨਾਲ ਭਰਪੂਰ ਹੈ,**
**[9] ਅਤੇ ਆਪਣੀ ਨਿਹਚਾ ਦਾ ਫਲ ਅਰਥਾਤ ਜਾਨਾਂ ਦੀ ਮੁਕਤੀ ਪ੍ਰਾਪਤ ਕਰਦੇ ਹੋ।**

ਹਾਲਾਂਕਿ ਮੁਕਤੀ ਹੁਣ ਸ਼ੁਰੂ ਹੁੰਦੀ ਹੈ, ਮੁਕਤੀ ਦਾ ਇੱਕ ਹੋਰ ਹਿੱਸਾ ਹੈ ਜਿਸਦੀ ਅਸੀਂ ਉਡੀਕ ਕਰ ਰਹੇ ਹਾਂ।

## ਮਸੀਹ ਦੀ ਵਾਪਸੀ ਦੀ ਆਸ

**ਤੀਤੁਸ 2:13**
**ਅਤੇ ਉਸ ਸ਼ੁੱਭ ਆਸ ਦੀ ਅਤੇ ਆਪਣੇ ਮਹਾਂ ਪਰਮੇਸ਼ੁਰ ਅਤੇ ਮੁਕਤੀ ਦਾਤਾ ਯਿਸੂ ਮਸੀਹ ਦੇ ਤੇਜ ਦੇ ਪ੍ਰਗਟ ਹੋਣ ਦੀ ਉਡੀਕ ਰੱਖੀਏ।**

## ਜੀਅ-ਉੱਠਣ ਦੀ ਆਸ

**ਰਸੂਲਾਂ ਦੇ ਕਰੱਤਬ 24:15**
**ਅਤੇ ਪਰਮੇਸ਼ੁਰ ਤੋਂ ਇਹ ਆਸ ਰੱਖਦਾ ਹਾਂ ਜਿਹ ਦੀ ਇਹ ਆਪ ਵੀ ਉਡੀਕ ਕਰਦੇ ਹਨ ਕਿ ਭਾਵੇਂ ਧਰਮੀ, ਭਾਵੇਂ ਕੁਧਰਮੀ ਦੋਹਾਂ ਦਾ ਜੀਅ ਉੱਠਣਾ ਹੋਵੇਗਾ।**

# 3
# ਆਸ ਦੀ ਮਹੱਤਤਾ

ਰੋਜ਼ਾਨਾ ਦੀ ਜ਼ਿੰਦਗੀ ਵਿੱਚ ਆਸ ਰੱਖਣਾ ਇੱਕ ਮਹੱਤਵਪੂਰਨ ਚੀਜ਼ ਹੈ। ਸਾਨੂੰ ਆਸਹੀਣ ਹਾਲਾਤ ਵਿੱਚ ਵੀ ਇੱਕ ਆਸ਼ਾਵਾਦੀ ਵਿਅਕਤੀ ਬਣਨਾ ਚਾਹੀਦਾ ਹੈ। ਬਹੁਤ ਸਾਰੇ ਕਾਰਨ ਹਨ ਕਿ ਸਾਨੂੰ ਆਸ ਰੱਖਣੀ ਚਾਹੀਦੀ ਹੈ।

## ਆਸ ਵਿੱਚ ਦੇਰੀ ਅੰਦਰਲੇ ਮਨੁੱਖ ਨੂੰ ਕਮਜ਼ੋਰ ਕਰ ਦਿੰਦੀ ਹੈ

**ਕਹਾਉਤਾਂ 13:12**

**ਆਸ ਦੀ ਢਿੱਲ ਦਿਲ ਨੂੰ ਬਿਮਾਰ ਕਰਦੀ ਹੈ, ਪਰ ਆਸ ਦਾ ਪੂਰਾ ਹੋਣਾ, ਜੀਵਨ ਦਾ ਬਿਰਛ ਹੈ।**

ਕਦੇ-ਕਦੇ ਉਹ ਚੀਜ਼ਾਂ ਪ੍ਰਾਪਤ ਕਰਨ ਵਿੱਚ ਦੇਰੀ ਹੁੰਦੀ ਹੈ ਜਿਸਦੀ ਅਸੀਂ ਆਸ ਕਰਦੇ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਕੋਈ ਖਾਸ ਕੰਮ ਕਿਸੇ ਖਾਸ ਸਾਲ ਵਿੱਚ ਪੂਰਾ ਹੋ ਜਾਵੇ, ਪਰ ਸਾਲ ਦੇ ਅੰਤ ਵਿੱਚ ਵੀ ਪੂਰਾ ਹੁੰਦਾ ਨਜ਼ਰ ਨਹੀਂ ਆਉਂਦਾ। ਅਸੀਂ ਆਪਣੇ ਆਪ ਨੂੰ ਦੱਸਦੇ ਹਾਂ ਕਿ ਹੋ ਸਕਦਾ ਹੈ ਕਿ ਉਹ ਕੰਮ ਅਗਲੇ ਸਾਲ ਵਿੱਚ ਪੂਰਾ ਹੋ ਜਾਵੇ ਅਤੇ ਇਹ ਅਗਲੇ ਸਾਲ ਵਿੱਚ ਵੀ ਪੂਰਾ ਨਾ ਹੋਵੇ। ਜਦੋਂ ਆਸ ਦੀ ਪੂਰਤੀ ਵਿੱਚ ਦੇਰੀ ਹੁੰਦੀ ਹੈ, ਤਦ ਅੰਦਰਲੀ ਮਨੁੱਖਤਾ ਸਾਰੀ ਆਸ ਗੁਆ ਬੈਠਦੀ ਹੈ ਅਤੇ ਕਮਜ਼ੋਰ ਹੋ ਜਾਂਦੀ ਹੈ। ਦੂਜੇ ਪਾਸੇ, ਜਦੋਂ ਆਸ ਪੂਰੀ ਹੁੰਦੀ ਹੈ ਤਾਂ ਇਹ ਜੀਵਨ ਦੇ ਰੁੱਖ ਵਰਗਾ ਹੁੰਦਾ ਹੈ, ਇਹ ਸਾਨੂੰ ਮਜ਼ਬੂਤ ਅਤੇ ਹਰਿਆ ਭਰਿਆ ਬਣਾਉਂਦਾ ਹੈ। ਅਸੀਂ ਤਾਜ਼ਾ ਅਤੇ ਨਵਾਂ ਮਹਿਸੂਸ ਕਰਦੇ ਹਾਂ। ਸਾਡਾ ਵਿਸ਼ਵਾਸ ਉੱਚਾ ਉੱਠਣ ਲੱਗਦਾ ਹੈ। ਅਸੀਂ ਪ੍ਰੇਰਿਤ ਹੁੰਦੇ ਹਾਂ ਅਤੇ ਅੱਗੇ ਵੱਧਣ ਦੇ ਯੋਗ ਹੁੰਦੇ ਹਾਂ।

## ਆਸ ਜਾਨ ਦਾ ਲੰਗਰ ਹੈ

**ਇਬਰਾਨੀਆਂ 6:19ੳ**

**ਅਤੇ ਉਹ ਆਸਾ ਮਾਨੋ ਸਾਡੀ ਜਾਨ ਦਾ ਲੰਗਰ ਹੈ ...।**

ਆਸ ਜਾਨ ਦਾ ਲੰਗਰ ਹੈ। "ਜਾਨ" ਸ਼ਬਦ ਮਨ, ਇੱਛਾ ਅਤੇ ਭਾਵਨਾਵਾਂ ਤੋਂ ਪ੍ਰਗਟ ਹੁੰਦਾ ਹੈ। ਇੱਥੇ ਜਹਾਜ਼ ਨੂੰ ਰੋਕਣ ਦੇ ਬਾਰੇ ਵਿੱਚ ਲੰਗਰ ਦੀ ਵਰਤੋਂ ਕੀਤੀ ਗਈ ਹੈ। ਜਦੋਂ ਇੱਕ ਜਹਾਜ਼ ਸਮੁੰਦਰ ਵਿੱਚ ਲੰਗਰ ਕੀਤਾ ਜਾਂਦਾ ਹੈ, ਤਾਂ ਤੂਫ਼ਾਨ ਦੌਰਾਨ ਸਥਿਰਤਾ ਹੁੰਦੀ ਹੈ। ਬਾਈਬਲ ਸਾਨੂੰ ਦੱਸਦੀ ਹੈ ਕਿ "*ਆਸ ਜਾਨ ਦਾ ਲੰਗਰ ਹੈ।*" ਇਸਦਾ ਮਤਲਬ ਇਹ ਹੈ ਕਿ ਜੇਕਰ ਮੇਰੇ ਕੋਲ ਆਸ ਨਹੀਂ ਹੈ, ਤਾਂ ਮੇਰੀ ਆਤਮਾ—ਮੇਰੀ ਇੱਛਾ, ਭਾਵਨਾਵਾਂ ਅਤੇ ਬੁੱਧੀ—ਮੁਸੀਬਤ ਦੇ ਸਮੇਂ ਵਿੱਚ ਲੋੜੀਂਦੇ ਹਾਲਾਤ ਸਥਿਰਤਾ ਅਤੇ ਤਾਕਤ ਨਹੀਂ ਹੋਵੇਗੀ। ਜਦੋਂ ਲੋਕ ਸਾਰੀਆਂ ਆਸਾਂ ਛੱਡ ਦਿੰਦੇ

ਹਨ ਇਸ ਲਈ ਉਨ੍ਹਾਂ ਨੂੰ ਜ਼ਿੰਦਗੀ ਦੇ ਜਹਾਜ਼ ਵਿੱਚ ਲਗਾਤਾਰ ਸਫ਼ਰ ਕਰਨਾ ਔਖਾ ਲੱਗਦਾ ਹੈ। ਉਹ ਅਸਾਨੀ ਨਾਲ ਨਿਰਾਸ਼ ਹੋ ਜਾਂਦੇ ਹਨ ਅਤੇ ਆਸ ਛੱਡ ਦਿੰਦੇ ਹਨ। ਉਹ ਸੋਚਣ ਲੱਗ ਪੈਂਦੇ ਹਨ ਕਿ ਕੀ ਉਨ੍ਹਾਂ ਦੀ ਜ਼ਿੰਦਗੀ ਦਾ ਕੋਈ ਅਰਥ ਹੈ ਜਾਂ ਨਹੀਂ। ਨਿਰਾਸ਼ਾ ਦੇ ਵਿਚਾਰ, "ਕਿਸੇ ਨੂੰ ਮੇਰੀ ਪਰਵਾਹ ਨਹੀਂ," "ਜਾਂ ਸਭ ਕੁਝ ਗ਼ਲਤ ਹੋ ਰਿਹਾ ਹੈ," ਅਤੇ "ਇਹ ਕਦੇ ਵੀ ਸੁਧਰ ਨਹੀਂ ਸਕਦਾ" ਆਦਿ, ਉਹਨਾਂ ਦੇ ਮਨ ਵਿੱਚ ਭਟਕਣ ਲੱਗ ਪੈਂਦੇ ਹਨ। ਇਸ ਮੌਕੇ ਕਈ ਲੋਕ ਆਤਮ ਹੱਤਿਆ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਔਖੇ ਹਾਲਾਤ ਵਿੱਚ ਵੀ ਆਸ ਨਾ ਛੱਡੀ ਜਾਵੇ। ਆਸ ਜਾਨ ਦਾ ਲੰਗਰ ਹੈ।

## ਆਸ ਵਿਸ਼ਵਾਸ ਦੀ ਭਵਿੱਖਬਾਣੀ ਹੈ

**ਇਬਰਾਨੀਆਂ 11:1**

**ਹੁਣ ਨਿਹਚਾ ਆਸ ਕੀਤੀਆਂ ਹੋਈਆਂ ਗੱਲਾਂ ਦਾ ਪੱਕਾ ਭਰੋਸਾ ਹੈ ਅਤੇ ਅਣਡਿੱਠ ਵਸਤਾਂ ਦੀ ਸਬੂਤੀ ਹੈ।**

ਆਸ ਮਹੱਤਵਪੂਰਨ ਹੈ ਕਿਉਂਕਿ ਵਿਸ਼ਵਾਸ ਆਸ ਉੱਤੇ ਨਿਰਭਰ ਕਰਦਾ ਹੈ। ਆਸ ਸਿਰਫ਼ ਵਿਸ਼ਵਾਸ ਤੋਂ ਅੱਗੇ ਜਾਂਦੀ ਹੈ। ਉਦੋਂ ਹੀ ਅਸੀਂ ਵਿਸ਼ਵਾਸ ਕਰ ਸਕਾਂਗੇ ਜਦੋਂ ਸਾਡੇ ਕੋਲ ਆਸ ਹੋਵੇਗੀ। ਇੱਕ ਅਜਿਹੇ ਵਿਅਕਤੀ ਉੱਤੇ ਧਿਆਨ ਕਰੋ ਜੋ ਇੱਕ ਗੰਭੀਰ ਬਿਮਾਰੀ ਤੋਂ ਪੀੜ੍ਹਿਤ ਹੈ ਅਤੇ ਉਸਨੂੰ ਡਾਕਟਰਾਂ ਦੁਆਰਾ ਦੱਸਿਆ ਗਿਆ ਹੈ ਕਿ ਕੋਈ ਇਲਾਜ਼ ਕੰਮ ਨਹੀਂ ਕਰੇਗਾ ਅਤੇ ਉਹ ਸਿਰਫ਼ ਕੁਝ ਦਿਨ ਹੀ ਜੀਵੇਗਾ। ਫਿਰ ਇਹ ਸੰਭਵ ਹੈ ਕਿ ਜ਼ਿਆਦਾਤਰ ਲੋਕ ਅਜਿਹੇ ਹਲਾਤ ਵਿੱਚ ਆਸ ਛੱਡ ਦਿੰਦੇ ਹਨ। ਆਖਰੀ ਪਲ, ਆਖ਼ਰੀ ਸ਼ਬਦ ਅਤੇ ਉਸਦੇ ਦਫ਼ਨਾਉਣ ਦੀਆਂ ਤਸਵੀਰਾਂ ਉਸਦੇ ਦਿਮਾਗ਼ ਵਿੱਚ ਘੁੰਮਣ ਲੱਗ ਪੈਣਗੀਆਂ। ਜਦੋਂ ਕੋਈ ਵਿਅਕਤੀ ਆਸ ਛੱਡ ਦਿੰਦਾ ਹੈ, ਤਾਂ ਵਿਸ਼ਵਾਸ ਵੀ ਕੰਮ ਨਹੀਂ ਕਰ ਸਕਦਾ "*ਨਿਹਚਾ ਆਸ ਕੀਤੀਆਂ ਹੋਈਆਂ ਗੱਲਾਂ ਦਾ ਪੱਕਾ ਭਰੋਸਾ ਹੈ।*" ਜਦੋਂ ਕੋਈ ਵਿਅਕਤੀ ਇਲਾਜ ਦੀ ਆਸ ਨਹੀਂ ਕਰਦਾ, ਤਾਂ ਉਸ ਲਈ ਉਸ ਨੂੰ ਚੰਗਾ ਕਰਨ ਲਈ ਪਰਮੇਸ਼ੁਰ ਉੱਤੇ ਭਰੋਸਾ ਕਰਨਾ ਮੁਸ਼ਕਿਲ ਹੋਵੇਗਾ। ਪਰਮੇਸ਼ੁਰ ਵਿੱਚ ਵਿਸ਼ਵਾਸ ਕਰਨ ਲਈ ਆਸ ਰੱਖਣੀ ਜ਼ਰੂਰੀ ਹੈ। ਇਸ ਬਿਮਾਰ ਵਿਅਕਤੀ ਨੂੰ ਘੱਟੋ ਘੱਟ ਆਪਣੇ ਆਪ ਦੇ ਠੀਕ ਹੋਣ ਅਤੇ ਮੌਤ ਦੇ ਬਿਸਤਰੇ ਤੋਂ ਉੱਠਣ ਦੀ ਕਲਪਨਾ ਕਰਨੀ ਚਾਹੀਦੀ ਹੈ। ਹਾਲਾਂਕਿ ਡਾਕਟਰਾਂ ਨੇ ਆਸ ਛੱਡ ਦਿੱਤੀ ਹੈ, ਉਸ ਨੂੰ ਆਸ ਕਰਨੀ ਚਾਹੀਦੀ ਹੈ ਕਿ ਸਵਰਗ ਦਾ ਪਰਮੇਸ਼ੁਰ ਉਸ ਨੂੰ ਠੀਕ ਕਰ ਸਕਦਾ ਹੈ ਅਤੇ ਅਜਿਹਾ ਕਰਨ ਲਈ ਤਿਆਰ ਹੈ। ਸੰਪੂਰਨ ਇਲਾਜ ਦੀ ਆਸ ਕਰਨਾ ਵਿਸ਼ਵਾਸ ਨੂੰ ਇਸ ਦੇ ਇਲਾਜ ਨੂੰ ਪ੍ਰਗਟ ਕਰਨ ਲਈ ਆਪਣਾ ਕੰਮ ਕਰਨ ਵਿੱਚ ਮਦਦ ਕਰੇਗਾ।

# 4
# ਉਹ ਪਰਮੇਸ਼ੁਰ ਜੋ ਆਸਹੀਣ ਹਾਲਾਤ ਨੂੰ ਬਦਲਦਾ ਹੈ

ਮੈਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ਹਲਾਤ ਭਾਵੇਂ ਕੋਈ ਵੀ ਕਿਉਂ ਨਾ ਹੋਵੇ, ਹਾਲਾਤ ਭਾਵੇਂ ਕਿੰਨੇ ਵੀ ਨਿਰਾਸ਼ਾਜਨਕ ਕਿਉਂ ਨਾ ਹੋਣ, ਇੱਕ ਪਰਮੇਸ਼ੁਰ ਹੈ ਜੋ ਆਸਹੀਣ ਹਾਲਾਤ ਨੂੰ ਬਦਲਣ ਵਿੱਚ ਮਾਹਿਰ ਹੈ। ਆਮੀਨ! ਹੋ ਸਕਦਾ ਹੈ ਕਿ ਤੁਹਾਡਾ ਵਿਆਹ, ਤੁਹਾਡੀ ਨੌਕਰੀ, ਬੱਚੇ, ਪੈਸਾ, ਕਾਰੋਬਾਰ ਜਾਂ ਸਿੱਖਿਆ ਵਿੱਚ ਜਾਂ ਕੋਈ ਦੂਸਰਾ ਆਸਹੀਣ ਹਲਾਤ ਹੋ ਸਕਦੇ ਹਨ। ਭਾਵੇਂ ਜੋ ਮਰਜ਼ੀ ਹੋਵੇ, ਇਸ ਸੱਚਿਆਈ ਉੱਤੇ ਧਿਆਨ ਕੇਂਦਰਿਤ ਕਰੋ ਕਿ ਅਸੀਂ ਉਸ ਪਰਮੇਸ਼ੁਰ ਦੀ ਸੇਵਾ ਕਰਦੇ ਹਾਂ ਜੋ ਨਿਰਾਸ਼ਾਜਨਕ ਹਾਲਾਤ ਨੂੰ ਬਦਲਦਾ ਹੈ। ਇਸ ਲਈ ਸਾਨੂੰ ਆਸ ਨਹੀਂ ਛੱਡਣੀ ਚਾਹੀਦੀ। ਆਓ ਬਾਈਬਲ ਦੀਆਂ ਕੁਝ ਉਦਾਹਰਣਾਂ ਵੱਲ ਧਿਆਨ ਦੇਈਏ ਜਿੱਥੇ ਪਰਮੇਸ਼ੁਰ ਨੇ ਨਿਰਾਸ਼ਾਜਨਕ ਹਾਲਾਤ ਨੂੰ ਬਦਲ ਦਿੱਤਾ।

## ਇੱਕ ਗਰੀਬ ਔਰਤ

ਇੱਕ ਔਰਤ ਦੇ ਮਾਮਲੇ ਉੱਤੇ ਧਿਆਨ ਕਰੋ ਜਿਸਦਾ ਪਤੀ ਮਰ ਗਿਆ ਸੀ ਅਤੇ ਉਸ ਲਈ ਦੋ ਪੁੱਤਰਾਂ ਨੂੰ ਅਤੇ ਇੱਕ ਵੱਡਾ ਕਰਜ਼ਾ ਛੱਡ ਗਿਆ ਸੀ (2 ਰਾਜਿਆਂ 4:1–7)। ਸ਼ਾਹੂਕਾਰ ਆਪਣੇ ਪੈਸੇ ਮੰਗਣ ਆਇਆ ਅਤੇ ਦੋਵਾਂ ਬੱਚਿਆਂ ਨੂੰ ਬੰਦੀ ਬਣਾ ਕੇ ਲੈ ਜਾਣ ਦੀ ਧਮਕੀ ਦਿੱਤੀ। ਇਸ ਔਰਤ ਦੇ ਹਾਲਾਤ ਅਸਲ ਵਿੱਚ ਨਿਰਾਸ਼ਾਜਨਕ ਸੀ। ਉਹ ਅਲੀਸ਼ਾ ਨਾਂ ਦੇ ਪਰਮੇਸ਼ੁਰ ਦੇ ਸੇਵਕ ਕੋਲ ਗਈ, ਉਸ ਨੂੰ ਆਪਣੀ ਕਹਾਣੀ ਦੱਸੀ ਅਤੇ ਉਸ ਤੋਂ ਮਦਦ ਮੰਗੀ। ਉਸਨੇ ਉਸਨੂੰ ਪੁੱਛਿਆ ਕਿ ਉਸਦੇ ਘਰ ਵਿੱਚ ਕੀ ਹੈ? ਉਸਨੇ ਕਿਹਾ ਕਿ ਇੱਕ ਕੁੱਪੀ ਵਿੱਚ ਥੋੜ੍ਹਾ ਜਿਹਾ ਤੇਲ ਹੈ। ਅਲੀਸ਼ਾ ਨੇ ਉਸਨੂੰ ਹੁਕਮ ਦਿੱਤਾ ਕਿ ਉਹ ਜਿੰਨੇ ਭਾਂਡੇ ਮੰਗ ਸਕਦੀ ਹੈ ਮੰਗ ਕੇ ਉਹਨਾਂ ਵਿੱਚ ਤੇਲ ਪਾਉਣਾ ਸ਼ੁਰੂ ਕਰ ਦੇਵੇ। ਚਮਤਕਾਰੀ ਢੰਗ ਨਾਲ ਤੇਲ ਵਧਿਆ ਅਤੇ ਸਾਰੇ ਭਾਂਡੇ ਭਰ ਗਏ। ਅਲੀਸ਼ਾ ਫਿਰ ਉਸਨੂੰ ਤੇਲ ਵੇਚਣ ਅਤੇ ਕਰਜ਼ਾ ਚੁਕਾਉਣ ਅਤੇ ਚੰਗੀ ਜ਼ਿੰਦਗੀ ਜੀਉਣ ਦਾ ਹੁਕਮ ਦਿੰਦਾ ਹੈ। ਪਰਮੇਸ਼ੁਰ ਨੇ ਚਮਤਕਾਰੀ ਢੰਗ ਨਾਲ ਇਸ ਔਰਤ ਦੇ ਆਸਹੀਣ ਹਾਲਾਤ ਨੂੰ ਬਦਲਿਆ ਅਤੇ ਉਸਦੀ ਜ਼ਰੂਰਤ ਨੂੰ ਪੂਰਾ ਕੀਤਾ।

## ਵਿਆਹ ਦੀ ਦਾਅਵਤ ਉੱਤੇ ਚਮਤਕਾਰ

ਵਿਆਹ ਦੀ ਦਾਅਵਤ ਦੇ ਪ੍ਰੋਗਰਾਮ ਵਿੱਚ ਦਾਖ਼ਰਸ ਖਤਮ ਹੋ ਗਈ ਸੀ—ਇੱਕ ਆਮ ਹਲਾਤ ਦੀ ਘਾਟ, ਪਰ ਇਹ ਇੱਕ ਆਸਹੀਣ ਹਾਲਤ ਸੀ। ਜਦੋਂ ਉਹ ਚਿੰਤਾ ਵਿੱਚ

ਸਨ ਕਿ ਕੀ ਕੀਤਾ ਜਾਵੇ, ਯਿਸੂ ਦੀ ਮਾਤਾ ਮਰਿਯਮ ਨੇ ਟਹਿਲੂਆਂ ਨੂੰ ਆਖਿਆ, ਜੋ ਕੁਝ ਉਹ ਤੁਹਾਨੂੰ ਕਹੇ ਸੋ ਕਰੋ। ਯਿਸੂ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਕਿ ਮੱਟਾਂ ਨੂੰ ਪਾਣੀ ਨਾਲ ਭਰੋ ਅਤੇ ਫਿਰ ਮਹਿਮਾਨਾਂ ਨੂੰ ਦਿਓ। ਅਲੌਕਿਕ ਤੌਰ ਉੱਤੇ ਇਹ ਪਾਣੀ ਦਾਖ਼ਰਸ ਬਣ ਗਿਆ ਅਤੇ ਇਹ ਹਰ ਕਿਸੇ ਲਈ ਕਾਫ਼ੀ ਸੀ (ਯੂਹੰਨਾ 2:1-11)। ਇਹ ਲੋੜ ਨੂੰ ਪੂਰਾ ਕਰਨ ਦਾ ਇੱਕ ਹੋਰ ਅਲੌਕਿਕ ਵਰਤਾਰਾ ਹੈ। ਪ੍ਰਭੂ ਨੂੰ ਸੁਣਨ ਅਤੇ ਉਸ ਦਾ ਹੁਕਮ ਮੰਨਣ ਨਾਲ ਇੱਕ ਆਸਹੀਣ ਵਾਲੇ ਹਾਲਾਤ ਬਦਲ ਜਾਂਦੇ ਹਨ।

## ਇੱਕ ਆਸਹੀਣ ਰਾਤ ਤੋਂ ਬਾਅਦ ਇੱਕ ਸਵੇਰ

ਇੱਕ ਵਪਾਰਕ ਚਮਤਕਾਰ ਜੋ ਪ੍ਰਭੂ ਯਿਸੂ ਨੇ ਕੀਤਾ ਸੀ ਸਾਡੇ ਲਈ ਲੂਕਾ ਪੰਜ ਵਿੱਚ ਦਰਜ ਹੈ। ਪਤਰਸ ਆਪਣੇ "ਕਾਰੋਬਾਰੀ ਭਾਈਵਾਲਾਂ"—ਯਾਕੂਬ, ਯੂਹੰਨਾ ਅਤੇ ਅੰਦ੍ਰਿਯਾਸ—ਨਾਲ ਮੱਛੀਆਂ ਫੜਨ ਦਾ ਕਾਰੋਬਾਰ ਕਰਦਾ ਸੀ। ਉਹ ਮਛੇਰੇ ਸਨ। ਇੱਕ ਵਾਰ ਤਾਂ ਉਹ ਸਾਰੀ ਰਾਤ ਮੱਛੀਆਂ ਫੜਦੇ ਰਹੇ ਪਰ ਕੁਝ ਵੀ ਨਾ ਫੜ ਸਕੇ। ਅਗਲੀ ਸਵੇਰ, ਜਦੋਂ ਉਹ ਵਾਪਿਸ ਆ ਰਹੇ ਸਨ, ਪ੍ਰਭੂ ਯਿਸੂ ਉਨ੍ਹਾਂ ਨੂੰ ਮਿਲੇ। ਉਸਨੇ ਉਹਨਾਂ ਨੂੰ ਕਿਹਾ ਕਿ ਉਹ ਉਸਨੂੰ ਆਪਣੀ ਕਿਸ਼ਤੀ ਦੀ ਵਰਤੋਂ ਕਰਨ ਲਈ ਦੇਣ ਤਾਂ ਜੋ ਉਹ ਉਹਨਾਂ ਲੋਕਾਂ ਨੂੰ ਖੁਸ਼ਖਬਰੀ ਦਾ ਪ੍ਰਚਾਰ ਕਰ ਸਕੇ ਜੋ ਉਸਨੂੰ ਸੁਣਨ ਲਈ ਇੱਕਠੇ ਹੋਏ ਸਨ। ਜਦੋਂ ਇਹ ਵਚਨ ਬੋਲਿਆ ਗਿਆ, ਪ੍ਰਭੂ ਨੇ ਪਤਰਸ ਨੂੰ ਕਿਹਾ ਕਿ ਉਹ ਵਾਪਿਸ ਸਮੁੰਦਰ ਵਿੱਚ ਜਾ ਕੇ ਮੱਛੀਆਂ ਫੜਨ ਲਈ ਜਾਲ ਪਾਵੇ। ਪਤਰਸ ਨੇ ਉਸਨੂੰ ਉੱਤਰ ਦਿੱਤਾ: *"ਸ਼ਮਊਨ ਨੇ ਉੱਤਰ ਦਿੱਤਾ ਕਿ ਸੁਆਮੀ ਜੀ, ਅਸਾਂ ਸਾਰੀ ਰਾਤ ਮਿਹਨਤ ਕੀਤੀ ਪਰ ਕੁਝ ਨਾ ਫੜਿਆ ਤਦ ਵੀ ਤੇਰੇ ਆਖਣ ਨਾਲ ਜਾਲ ਪਾਵਾਂਗਾ"* (ਲੂਕਾ 5:5)। ਪਤਰਸ ਜਾਣਦਾ ਸੀ ਕਿ ਉਸ ਦੀਆਂ ਕੋਸ਼ਿਸ਼ਾਂ ਦਾ ਉਸ ਨੂੰ ਕੋਈ ਫ਼ਾਇਦਾ ਨਹੀਂ ਹੋਇਆ ਸੀ। ਫਿਰ ਵੀ ਉਹ ਯਿਸੂ ਦੇ ਹੁਕਮ ਅਨੁਸਾਰ ਕਰਨ ਲਈ ਰਾਜ਼ੀ ਹੋ ਗਿਆ।

ਪ੍ਰਭੂ ਦੇ ਇੱਕ ਸ਼ਬਦ ਨਾਲ ਹੀ ਹਾਲਾਤ ਬਦਲ ਗਏ। ਪਤਰਸ ਦਾ ਕਹਿਣਾ ਮੰਨਣ ਨਾਲ, ਉਸ ਦੇ ਜੀਵਨ ਵਿੱਚ ਇੱਕ "ਆਰਥਿਕ ਚਮਤਕਾਰ" ਵਾਪਰਿਆ।

## ਇਸਰਾਏਲੀ ਕੌਮ

ਯਹੂਦੀ ਲੋਕਾਂ ਨੂੰ ਉਨ੍ਹਾਂ ਦੀ ਕੌਮ ਤੋਂ ਭਜਾ ਦਿੱਤਾ ਗਿਆ ਅਤੇ ਉਹ ਸਾਰੇ ਸੰਸਾਰ ਵਿੱਚ ਖਿੰਡ ਗਏ। ਯਹੂਦੀ ਲੋਕਾਂ ਨੂੰ ਇੱਕ ਆਸਹੀਣ ਹਨੇਰੀ ਨੇ ਘੇਰ ਲਿਆ ਸੀ। ਹਿਜ਼ਕੀਏਲ 37 ਵਿੱਚ, ਪਰਮੇਸ਼ੁਰ ਨੇ ਇਸਰਾਏਲ ਦੇ ਲੋਕਾਂ ਦੀ ਸਥਿਤੀ ਨੂੰ ਪ੍ਰਗਟ ਕਰਨ ਲਈ ਹਿਜ਼ਕੀਏਲ ਨੂੰ ਸੁੱਕੀਆਂ ਹੱਡੀਆਂ ਨਾਲ ਭਰੀ ਇੱਕ ਘਾਟੀ ਦਿਖਾਈ। *"ਮਨੁੱਖ ਦੇ ਪੁੱਤਰ, ਇਹ ਹੱਡੀਆਂ ਇਸਰਾਏਲ ਦੇ ਸਾਰੇ ਘਰਾਣੇ ਦੇ ਸਮਾਨ ਹਨ। ਵੇਖ, ਇਹ ਆਖਦੇ ਹਨ, 'ਸਾਡੀਆਂ ਹੱਡੀਆਂ ਸੁੱਕ ਗਈਆਂ ਅਤੇ ਸਾਡੀ ਆਸ ਮੁੱਕ ਗਈ, ਅਸੀਂ ਤਾਂ ਉੱਕੇ ਕੱਟੇ ਗਏ'"* (ਹਿਜ਼ਕੀਏਲ 37:11)।

ਤਦ ਪਰਮੇਸ਼ੁਰ ਨੇ ਹਿਜ਼ਕੀਏਲ ਨੂੰ ਸੁੱਕੀਆਂ ਹੱਡੀਆਂ ਵਿੱਚ ਅਗੰਮ ਵਾਕ ਕਰਨ ਦਾ ਹੁਕਮ ਦਿੱਤਾ, *"ਇਸ ਲਈ ਭਵਿੱਖਬਾਣੀ ਕਰ ਅਤੇ ਏਸ ਲਈ ਤੂੰ ਅਗੰਮ ਵਾਚ ਅਤੇ ਇਨ੍ਹਾਂ ਨੂੰ ਆਖ, ਪ੍ਰਭੂ ਯਹੋਵਾਹ ਐਉਂ ਫ਼ਰਮਾਉਂਦਾ ਹੈ, ਹੇ ਮੇਰੇ ਲੋਕੋ, ਵੇਖੋ! ਮੈਂ ਤੁਹਾਡੀਆਂ ਕਬਰਾਂ ਨੂੰ ਖੋਲ੍ਹਾਂਗਾ ਅਤੇ ਤੁਹਾਨੂੰ ਉਨ੍ਹਾਂ ਵਿੱਚੋਂ ਬਾਹਰ ਕੱਢਾਂਗਾ ਅਤੇ ਇਸਰਾਏਲ ਦੀ ਭੂਮੀ ਵਿੱਚ ਲਿਆਵਾਂਗਾ"* (ਹਿਜ਼ਕੀਏਲ 37:12)। ਇਸ ਨਬੀ ਦੇ ਜ਼ਰੀਏ, ਪਰਮੇਸ਼ੁਰ ਨੇ ਯਹੂਦੀ ਲੋਕਾਂ ਅਤੇ ਇਸਰਾਏਲੀ ਕੌਮ ਦੇ ਪੁਨਰਗਠਨ ਦੀ ਭਵਿੱਖਬਾਣੀ ਕੀਤੀ ਸੀ। ਪਰਮੇਸ਼ੁਰ ਨੇ 14 ਮਈ 1948 ਨੂੰ ਆਪਣਾ ਵਾਇਦਾ ਪੂਰਾ ਕੀਤਾ ਜਦੋਂ ਇਸਰਾਏਲ ਨੂੰ ਪੂਰੀ ਤਰ੍ਹਾਂ ਇੱਕ ਰਾਸ਼ਟਰ ਘੋਸ਼ਿਤ ਕੀਤਾ ਗਿਆ ਸੀ। ਸੰਸਾਰ ਭਰ ਦੇ ਸਾਰੇ ਯਹੂਦੀ ਆਪਣੇ ਦੇਸ਼ ਨੂੰ ਪਰਤਣ ਲੱਗੇ।

ਇਸ ਲਈ ਪਰਮੇਸ਼ੁਰ ਅਜਿਹੇ ਹਾਲਾਤ ਨੂੰ ਬਦਲ ਸਕਦਾ ਹੈ ਜਿਸ ਬਾਰੇ ਅਸੀਂ ਸੋਚਦੇ ਹਾਂ ਕਿ ਉਹ ਨਿਰਾਸ਼ਾ ਵਾਲੀ ਹੈ। ਪਰਮੇਸ਼ੁਰ "ਕਬਰਾਂ" ਖੋਲ੍ਹ ਕੇ "ਸੁੱਕੀਆਂ ਹੱਡੀਆਂ" ਵਿੱਚ ਜੀਵਨ ਪਾ ਕੇ ਹਾਲਾਤ ਨੂੰ ਬਦਲਣ ਲਈ ਤਿਆਰ ਅਤੇ ਸਮਰੱਥ ਹੈ। ਪਰਮੇਸ਼ੁਰ ਲਈ ਕੁਝ ਵੀ ਆਸਹੀਣ ਨਹੀਂ ਹੈ।

## ਅਬਰਾਹਾਮ ਅਤੇ ਸਾਰਾਹ

ਅਬਰਾਹਾਮ ਅਤੇ ਸਾਰਾਹ ਬੁੱਢੇ ਹੋ ਗਏ ਸਨ ਜਦੋਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਪੁੱਤਰ ਦੇਣ ਦਾ ਵਾਇਦਾ ਕੀਤਾ ਸੀ। ਉਸ ਨੇ ਉਨ੍ਹਾਂ ਨਾਲ ਵਾਇਦਾ ਕੀਤਾ ਕਿ ਉਨ੍ਹਾਂ ਦੇ ਘਰ ਇੱਕ ਪੁੱਤਰ ਪੈਦਾ ਹੋਵੇਗਾ ਅਤੇ ਇਸ ਪੁੱਤਰ ਦੇ ਜ਼ਰੀਏ ਉਨ੍ਹਾਂ ਦੀ ਔਲਾਦ ਅਕਾਸ਼ ਦੇ ਤਾਰਿਆਂ ਜਿੰਨੀ ਅਤੇ ਸਮੁੰਦਰ ਦੇ ਕੰਢੇ ਦੀ ਰੇਤ ਦੇ ਦਾਣਿਆਂ ਵਾਂਗੂ ਅਣਗਿਣਤ ਹੋਵੇਗੀ। ਉਹ ਇੱਕ ਨਿਰਾਸ਼ ਹਾਲਾਤ ਵਿੱਚ ਸਨ ਜਦੋਂ ਇੱਕ ਪੁੱਤਰ ਨੂੰ ਜਨਮ ਦੇਣ ਦੀ ਗੱਲ ਆਈ ਕਿਉਂਕਿ ਉਹਨਾਂ ਦੇ ਅਜੇ ਕੋਈ ਔਲਾਦ ਨਹੀਂ ਸੀ। ਅਬਰਾਹਾਮ 99 ਸਾਲਾਂ ਦਾ ਸੀ ਅਤੇ ਸਾਰਾਹ ਅਜੇ ਬਾਂਝ ਸੀ—ਇੱਕ ਆਸਹੀਣ ਹਾਲਾਤ ਸਨ।

ਬਾਈਬਲ ਉਸ ਹਾਲਾਤ ਬਾਰੇ ਇਹ ਕਹਿੰਦੀ ਹੈ

**ਰੋਮੀਆਂ 4:17,18**

**17 ਜਿਵੇਂ ਲਿਖਿਆ ਹੋਇਆ ਹੈ ਕਿ, "ਮੈਂ ਤੈਨੂੰ ਬਹੁਤੀਆਂ ਕੌਮਾਂ ਦਾ ਪਿਤਾ ਠਹਿਰਾਇਆ ਹੈ" ਅਰਥਾਤ ਉਸ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਜਿਹ ਦੀ ਉਸ ਨੇ ਪਰਤੀਤ ਕੀਤੀ ਜਿਹੜਾ ਮੁਰਦਿਆਂ ਨੂੰ ਜਿਵਾਲਦਾ ਅਤੇ ਓਹਨਾਂ ਅਣਹੋਣੀਆਂ ਵਸਤਾਂ ਨੂੰ ਇਉਂ ਸੱਦਦਾ ਹੈ ਭਈ ਜਾਣੋ ਓਹ ਸਨਮੁੱਖ ਹਨ।**
**18 ਨਿਰਾਸ਼ਾ ਵਿੱਚ ਆਸ ਨਾਲ ਉਸ ਨੇ ਪਰਤੀਤ ਕੀਤੀ ਭਈ ਓਸ ਵਾਕ ਦੇ ਅਨੁਸਾਰ ਕਿ ਤੇਰੀ ਅੰਸ ਇਉਂ ਹੋਵੇਗੀ, "ਉਹ ਬਾਹਲੀਆਂ ਕੌਮਾਂ ਦਾ ਪਿਤਾ ਹੋਵੇ।"**

ਇਹ ਕਿੰਨੀ ਵਧੀਆ ਉਦਾਹਰਣ ਹੈ ਜਿਸ ਦੀ ਅਸੀਂ ਪਾਲਣਾ ਕਰ ਸਕਦੇ ਹਾਂ। ਅਬਰਾਹਾਮ ਨੇ *"ਨਿਰਾਸ਼ਾ ਵਿੱਚ ਆਸ ਨਾਲ ਨੇ ਪਰਤੀਤ ਕੀਤੀ।"* ਭਾਵੇਂ ਕਿ ਆਸ ਕਰਨ ਦਾ ਕੋਈ ਕਾਰਨ ਨਹੀਂ ਸੀ, ਫਿਰ ਵੀ ਅਬਰਾਹਾਮ ਨੇ ਉਸ ਆਸ ਵਿੱਚ ਵਿਸ਼ਵਾਸ ਕੀਤਾ ਜੋ ਪਰਮੇਸ਼ੁਰ ਨੇ ਉਸ ਨੂੰ ਦਿੱਤੀ ਸੀ ਅਤੇ ਕਿਉਂਕਿ ਉਹ ਆਸ ਵਿੱਚ ਵਿਸ਼ਵਾਸ

ਕਰਦਾ ਸੀ, *"ਭਈ ਓਸ ... ਦੇ ਅਨੁਸਾਰ ਕਿ ਤੇਰੀ ਅੰਸ ਇਉਂ ਹੋਵੇਗੀ।"*

ਜਦੋਂ ਪਰਮੇਸ਼ੁਰ ਤੁਹਾਨੂੰ ਕੋਈ ਵਾਇਦਾ ਕਰਦਾ ਹੈ, ਤਾਂ ਇਹ ਕਦੇ ਨਾ ਕਹੋ, "ਪ੍ਰਭੂ, ਇਹ ਵਾਇਦਾ ਅਜੀਬ ਹੈ।" ਇਹ ਅਜੀਬ ਨਹੀਂ ਹੋ ਸਕਦਾ ਕਿਉਂਕਿ ਸਾਡਾ ਪਰਮੇਸ਼ੁਰ ਮੁਰਦਿਆਂ ਨੂੰ ਜੀਵਨ ਦਿੰਦਾ ਹੈ। ਇਸ ਲਈ ਜਦੋਂ ਪਰਮੇਸ਼ੁਰ ਤੁਹਾਨੂੰ ਕੋਈ ਵਾਇਦਾ ਕਰਦਾ ਹੈ। ਭਾਵੇਂ ਹਾਲਾਤ ਜੋ ਵੀ ਹੋਣ, ਬਸ ਯਾਦ ਰੱਖੋ ਕਿ ਪਰਮੇਸ਼ੁਰ ਜੋ ਤੁਹਾਡੇ ਨਾਲ ਗੱਲ ਕਰ ਰਿਹਾ ਹੈ ਉਹ ਹੈ ਜੋ ਮੁਰਦਿਆਂ ਨੂੰ ਜੀਵਨ ਦਿੰਦਾ ਹੈ—ਉਹ ਉਹਨਾਂ ਨੂੰ ਇਸ ਤਰ੍ਹਾਂ ਬੁਲਾਉਂਦਾ ਹੈ ਜਿਵੇਂ ਉਹ ਹਨ—ਅਤੇ ਉਹ ਕਿਸੇ ਵੀ ਹਾਲਾਤ ਨੂੰ ਬਦਲ ਸਕਦਾ ਹੈ। ਪਰਮੇਸ਼ੁਰ ਨਾ ਸਿਰਫ਼ ਇੱਕ ਹਾਲਾਤ ਨੂੰ ਬਿਹਤਰ ਬਣਾ ਸਕਦਾ ਹੈ ਪਰ ਉਹ ਕਿਸੇ ਵੀ ਹਾਲਾਤ ਨੂੰ ਪੂਰੀ ਤਰ੍ਹਾਂ ਬਦਲ ਸਕਦਾ ਹੈ। ਉਹ ਉਨ੍ਹਾਂ ਚੀਜ਼ਾਂ ਨੂੰ ਹੋਂਦ ਵਿੱਚ ਲਿਆ ਸਕਦਾ ਹੈ ਜੋ ਪਹਿਲਾਂ ਕਦੇ ਨਹੀਂ ਸਨ। ਇਸ ਸਮੇਂ, ਘਰ ਵਿੱਚ ਸ਼ਾਂਤੀ ਨਹੀਂ ਹੋ ਸਕਦੀ, ਪਰ ਪਰਮੇਸ਼ੁਰ ਉੱਥੇ ਸ਼ਾਂਤੀ ਲਿਆ ਸਕਦਾ ਹੈ। ਤੁਹਾਡੇ ਸਰੀਰ ਵਿੱਚ ਤੰਦਰੁਸਤੀ ਮੌਜੂਦਾ ਨਹੀਂ ਹੋ ਸਕਦੀ, ਪਰ ਪਰਮੇਸ਼ੁਰ ਹੋਂਦ ਵਿੱਚ ਤੰਦਰੁਸਤੀ ਲਿਆ ਸਕਦਾ ਹੈ। ਤੁਹਾਡੇ ਪਰਿਵਾਰ, ਨੌਕਰੀ ਅਤੇ ਕਾਰੋਬਾਰ ਵਿੱਚ ਸਫਲਤਾ ਭਾਵੇਂ ਨਾ ਹੋਵੇ ਪਰ ਪਰਮੇਸ਼ੁਰ ਇਨ੍ਹਾਂ ਸਭ ਚੀਜ਼ਾਂ ਵਿੱਚ ਸਫਲਤਾ ਲਿਆ ਸਕਦਾ ਹੈ।

# 5
# ਆਸਹੀਣ ਹਾਲਾਤ ਵਿੱਚ ਆਸ ਲਈ ਅਧਾਰ

ਆਸਹੀਣ ਹਾਲਾਤ ਵਿੱਚ ਆਸ ਰੱਖਣ ਦੇ ਕੀ ਕਾਰਨ ਹਨ? ਕੀ ਇਹ ਮਾਤਰ ਕਲਪਨਾ ਹੈ? ਕੀ ਇਹ ਦਿਮਾਗ਼ ਦਾ ਸਵਾਲ ਹੈ? ਕੀ ਸਕਾਰਾਤਮਕ ਹੋਣ ਵਰਗੀ ਕੋਈ ਚੀਜ਼ ਹੈ? ਕੀ ਇਹ ਸਕਾਰਾਤਮਕ ਰਹਿਣ ਲਈ ਮਨੁੱਖੀ ਕੋਸ਼ਿਸ਼ ਹੈ? ਔਖੇ ਹਾਲਾਤ ਵਿੱਚ ਵੀ ਸਾਡੇ ਕੋਲ ਆਸ ਰੱਖਣ ਦਾ ਇੱਕੋ ਇੱਕ ਕਾਰਨ ਪਰਮੇਸ਼ੁਰ ਅਤੇ ਉਸਦਾ ਵਚਨ ਹੈ।

**ਰੋਮੀਆਂ 4:18**

**ਨਿਰਾਸ਼ਾ ਵਿੱਚ ਆਸ ਨਾਲ ਉਸ ਨੇ ਪਰਤੀਤ ਕੀਤੀ ਭਈ ਓਸ ਵਾਕ ਦੇ ਅਨੁਸਾਰ ਕਿ ਤੇਰੀ ਅੰਸ ਇਉਂ ਹੋਵੇਗੀ, ਉਹ ਬਾਹਲੀਆਂ ਕੌਮਾਂ ਦਾ ਪਿਤਾ ਹੋਵੇ।**

ਅਬਰਾਹਾਮ ਨੇ ਪਰਮੇਸ਼ੁਰ ਦੇ ਵਾਇਦੇ ਉੱਤੇ ਵਿਸ਼ਵਾਸ ਕੀਤਾ, ਭਾਵੇਂ ਕਿ ਇਸ ਉੱਤੇ ਵਿਸ਼ਵਾਸ ਕਰਨ ਦਾ ਕੋਈ ਕਾਰਨ ਨਹੀਂ ਸੀ। ਉਸ ਨੇ ਉਦੋਂ ਵੀ ਵਿਸ਼ਵਾਸ ਕੀਤਾ ਜਦੋਂ ਹਾਲਾਤ ਆਸਹੀਣ ਸੀ। ਕਿਉਂ? ਕਿਉਂਕਿ ਪਰਮੇਸ਼ੁਰ ਨੇ ਅਜਿਹਾ ਕਿਹਾ ਹੈ। ਉਹ ਆਸ ਵਿੱਚ ਵਿਸ਼ਵਾਸ ਦੇ *"ਅਨੁਸਾਰ ਕਿ ਤੇਰੀ ਅੰਸ ਇਉਂ ਹੋਵੇਗੀ।"* ਇਹੀ ਉਸ ਦੀ ਆਸ ਦਾ ਅਧਾਰ ਸੀ। ਪਰਮੇਸ਼ੁਰ ਨੇ ਗੱਲ ਕੀਤੀ ਅਤੇ ਹਾਲਾਂਕਿ ਹਾਲਾਤ ਆਸਹੀਣ ਸੀ, ਅਬਰਾਹਾਮ ਨੇ ਆਸ ਦੇ ਵਿਰੁੱਧ ਵਿਸ਼ਵਾਸ ਕੀਤਾ।

## ਪਰਮੇਸ਼ੁਰ ਅਤੇ ਉਸਦਾ ਵਚਨ ਸਾਡੀ ਉਮੀਦ ਦਾ ਅਧਾਰ ਬਣਦੇ ਹਨ

**ਜ਼ਬੂਰ 38:15**

**ਹੇ ਯਹੋਵਾਹ, ਮੈਨੂੰ ਤਾਂ ਤੇਰੀ ਹੀ ਉਡੀਕ ਹੈ, ਤੂੰ ਉੱਤਰ ਦੇਵੇਂਗਾ, ਹੇ ਪ੍ਰਭੂ, ਮੇਰੇ ਪਰਮੇਸ਼ੁਰ!**

**ਜ਼ਬੂਰ 130:5**

**ਮੈਂ ਯਹੋਵਾਹ ਨੂੰ ਉਡੀਕਦਾ ਹਾਂ, ਮੇਰੀ ਜਾਨ ਵੀ ਉਡੀਕਦੀ ਹੈ ਅਤੇ ਉਹ ਦੇ ਵਚਨ ਉੱਤੇ ਮੇਰੀ ਆਸਾ ਹੈ।**

**ਰੋਮੀਆਂ 15:4**

**ਕਿਉਂਕਿ ਜੋ ਕੁਝ ਅੱਗੇ ਲਿਖਿਆ ਗਿਆ ਸੋ ਸਾਡੀ ਸਿੱਖਿਆ ਦੇ ਲਈ ਲਿਖਿਆ ਗਿਆ ਭਈ ਅਸੀਂ ਧੀਰਜ ਤੋਂ ਅਤੇ ਧਰਮ ਪੁਸਤਕ ਦੇ ਦਿਲਾਸੇ ਤੋਂ ਆਸਾ ਰੱਖੀਏ।**

ਪਰਮੇਸ਼ੁਰ ਸਾਡੀ ਆਸ ਦਾ ਕਾਰਨ, ਸੋਮਾ ਅਤੇ ਬਲ ਹੈ। ਉਸ ਦਾ ਸ਼ਬਦ ਸਾਡੀ ਆਸ ਦਾ ਅਧਾਰ ਬਣ ਜਾਂਦਾ ਹੈ। ਇਹ ਧੀਰਜ ਅਤੇ ਸ਼ਾਂਤੀ ਹੈ ਜੋ ਵਚਨ ਦੁਆਰਾ ਸਾਡੇ ਦਿਲਾਂ ਵਿੱਚ ਪਾਈ ਜਾਂਦੀ ਹੈ ਜਿਸ ਨਾਲ ਅਸੀਂ ਆਪਣੀ ਆਸ ਰੱਖਦੇ ਹਾਂ।

## ਭਵਿੱਖ ਲਈ ਆਸ

ਆਓ ਹੁਣ ਅਮਲੀ ਤੌਰ ਉੱਤੇ ਉਹ ਸਭ ਦੇਖੀਏ ਜੋ ਅਸੀਂ ਹੁਣ ਤੱਕ ਪੜ੍ਹਿਆ ਹੈ। ਤੁਹਾਡੇ ਵਿੱਚੋਂ ਕੁਝ ਇਸ ਕਿਤਾਬ ਨੂੰ ਪੜ੍ਹ ਰਹੇ ਹੋ ਸਕਦੇ ਹਨ, "ਮੈਨੂੰ ਭਵਿੱਖ ਲਈ ਕੋਈ ਆਸ ਨਹੀਂ ਹੈ" ਜਾਂ "ਮੈਨੂੰ ਨਹੀਂ ਲੱਗਦਾ ਕਿ ਮੈਂ ਅੱਗੇ ਵੱਧ ਸਕਾਂਗਾ। ਮੇਰੀ ਜ਼ਿੰਦਗੀ ਵਿੱਚ ਹੋਰ ਕੁਝ ਨਹੀਂ ਹੋਣ ਵਾਲਾ ਹੈ।" ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਪਰਮੇਸ਼ੁਰ ਅਤੇ ਉਸਦੇ ਵਚਨ ਦੇ ਕਾਰਨ ਸਾਨੂੰ ਭਵਿੱਖ ਲਈ ਆਸ ਹੈ। ਉਸਦਾ ਵਚਨ ਕਹਿੰਦਾ ਹੈ:

**1 ਕੁਰਿੰਥੀਆਂ 2:9**

**ਪਰੰਤੂ ਜਿਵੇਂ ਲਿਖਿਆ ਹੋਇਆ ਹੈ—ਜਿਹੜੀਆਂ ਵਸਤਾਂ ਅੱਖੀਂ ਨਾ ਵੇਖੀਆਂ, ਨਾ ਕੰਨੀਂ ਸੁਣੀਆਂ, ਨਾ ਇਨਸਾਨ ਦੇ ਮਨ ਵਿੱਚ ਆਈਆਂ, ਜਿਹੜੀਆਂ ਵਸਤਾਂ ਪਰਮੇਸ਼ੁਰ ਨੇ ਆਪਣੇ ਪ੍ਰੇਮੀਆਂ ਲਈ ਤਿਆਰ ਕੀਤੀਆਂ,_**

ਸਾਨੂੰ ਭਵਿੱਖ ਲਈ ਆਸ ਹੈ। ਅਸੀਂ ਭਵਿੱਖ ਵਿੱਚ ਸ਼ਾਨਦਾਰ ਚੀਜ਼ਾਂ ਦੇਖਣ ਦੀ ਆਸ ਰੱਖਦੇ ਹਾਂ। ਕਿਉਂ? ਇਹ ਪਰਮੇਸ਼ੁਰ ਦੇ ਵਚਨ ਦੇ ਕਾਰਨ ਹੈ। ਕਿਉਂਕਿ ਉਹ ਆਖਦਾ ਹੈ ਕਿ ਉਸਨੇ ਉਨ੍ਹਾਂ ਲੋਕਾਂ ਲਈ ਅਜਿਹੀਆਂ ਚੀਜ਼ਾਂ ਤਿਆਰ ਕੀਤੀਆਂ ਹਨ ਜੋ ਉਸਨੂੰ ਪਿਆਰ ਕਰਦੇ ਹਨ।

**ਯਿਰਮਿਯਾਹ 29:11**

**ਮੈਂ ਤਾਂ ਆਪਣੀਆਂ ਸੋਚਾਂ ਨੂੰ ਜਿਹੜੀਆਂ ਤੁਹਾਡੇ ਵਿਖੇ ਸੋਚਦਾ ਹਾਂ ਜਾਣਦਾ ਹਾਂ, ਯਹੋਵਾਹ ਦਾ ਵਾਕ ਹੈ, ਸ਼ਾਂਤੀ ਦੀਆਂ ਸੋਚਾਂ, ਬੁਰਿਆਈ ਦੀਆਂ ਨਹੀਂ ਭਈ ਮੈਂ ਤੁਹਾਨੂੰ ਛੇਕੜ ਨੂੰ ਆਸ ਦੁਆਵਾਂ।**

ਇਹ ਸਾਡੀ ਆਸ ਦਾ ਅਧਾਰ ਹੈ—ਵਚਨ। ਇਸ ਲਈ ਅਸੀਂ ਬਿਹਤਰ ਭਵਿੱਖ ਦੀ ਆਸ ਰੱਖ ਸਕਦੇ ਹਾਂ। ਸਾਡੀ ਮੌਜੂਦਾ ਹਾਲਾਤ ਸਾਡੇ ਆਖ਼ਰੀ ਹਾਲਾਤ ਦਾ ਸੰਕੇਤ ਨਹੀਂ ਹਨ। ਇਹ ਸਾਡੀ ਆਸ ਹੈ ਕਿ ਉਸ ਦੇ ਆਪਣੇ ਵਚਨ ਵਿੱਚ ਕੀਤੇ ਵਾਇਦਿਆਂ ਦੇ ਕਾਰਨ ਸਾਡਾ ਭਵਿੱਖ ਮਜ਼ਬੂਤ, ਸਫਲ ਅਤੇ ਸੁਰੱਖਿਅਤ ਹੋਵੇਗਾ। ਅਸੀਂ ਆਪਣੇ ਮੌਜੂਦਾ ਹਾਲਾਤ ਨੂੰ ਹੇਠਾਂ ਨਹੀਂ ਆਉਣ ਦੇਵਾਂਗੇ।

## ਸਫਲ ਹੋਣ ਦੀ ਆਸ ਹੈ

ਤੁਹਾਡੇ ਵਿੱਚੋਂ ਕੁਝ ਦੇ ਵਿਚਾਰ ਹੋਣਗੇ ਕਿ ਕੀ ਉਹ ਜ਼ਿੰਦਗੀ ਵਿੱਚ ਕਦੇ ਇੱਕ ਸਫਲ ਵਿਅਕਤੀ ਬਣ ਸਕਣਗੇ। ਤੁਸੀਂ ਜੋ ਵੀ ਕੋਸ਼ਿਸ਼ਾਂ ਕੀਤੀਆਂ ਹਨ, ਉਹ ਸਾਰੀਆਂ ਅਸਫਲ ਰਹੀਆਂ ਹਨ ਅਤੇ ਤੁਸੀਂ ਹੁਣ ਤੱਕ ਜੀਵਨ ਵਿੱਚ ਇੱਕ ਸਫਲ ਵਿਅਕਤੀ ਨਹੀਂ ਬਣ ਸਕੇ। ਤੁਹਾਨੂੰ ਪਰਮੇਸ਼ੁਰ ਦੇ ਵਚਨ ਵਿੱਚ ਵਿਸ਼ਵਾਸ ਕਰਨਾ ਚਾਹੀਦਾ ਹੈ।

**ਜ਼ਬੂਰ 1:1–3**

**1 ਕਿੱਡਾ ਧੰਨ ਹੈ ਉਹ ਮਨੁੱਖ ਜੋ ਦੁਸ਼ਟਾਂ ਦੀਆਂ ਚਾਲਾਂ ਵਿੱਚ ਨਹੀਂ ਤੁਰਦਾ, ਪਾਪੀਆਂ ਦੇ ਰਾਹ ਵਿੱਚ ਨਹੀਂ ਖੜ੍ਹਾ ਹੁੰਦਾ ਅਤੇ ਮਖੌਲ ਕਰਨ ਵਾਲਿਆਂ ਦੀ ਸੰਗਤ ਵਿੱਚ ਨਹੀਂ ਬੈਠਦਾ!**

**[2] ਪਰ ਉਹ ਪ੍ਰਭੂ ਦੀ ਬਿਵਸਥਾ ਨਾਲ ਪ੍ਰਸੰਨ ਹੁੰਦਾ ਹੈ ਅਤੇ ਦਿਨ ਰਾਤ ਉਸ ਦੇ ਕਾਨੂੰਨ ਦਾ ਸਿਮਰਨ ਕਰਦਾ ਹੈ।**
**[3] ਉਹ ਤਾਂ ਉਸ ਰੁੱਖ ਵਰਗਾ ਹੈ ਜੋ ਵਗਦੀਆਂ ਨਦੀਆਂ ਦੇ ਕੰਢੇ ਲਾਇਆ ਹੋਇਆ ਹੈ ਅਤੇ ਆਪਣੀ ਰੁੱਤ ਵਿੱਚ ਵੱਧਦਾ ਫੁੱਲਦਾ ਹੈ, ਅਤੇ ਜਿਸ ਦੇ ਪੱਤੇ ਕਦੇ ਨਹੀਂ ਸੁੱਕਦੇ। ਇਸ ਲਈ ਜੋ ਵੀ ਉਹ ਮਨੁੱਖ ਕਰਦਾ ਹੈ ਉਹ ਸਫਲ ਹੁੰਦਾ ਹੈ।**

ਆਪਣੇ ਆਪ ਨੂੰ ਇੱਕ ਫਲਦਾਰ ਰੁੱਖ ਦੇ ਰੂਪ ਵਿੱਚ ਤਸਵੀਰ ਦਿਓ। ਆਪਣੇ ਆਪ ਨੂੰ ਇੱਕ ਅਜਿਹੇ ਵਿਅਕਤੀ ਦੇ ਰੂਪ ਵਿੱਚ ਦੇਖੋ ਜੋ ਹਰ ਚੀਜ਼ ਨੂੰ ਪੂਰਾ ਕਰਦਾ ਹੈ ਜਿਸ ਉੱਤੇ ਉਹ ਆਪਣਾ ਹੱਥ ਰੱਖਦਾ ਹੈ। ਇਹ ਤੁਹਾਡੇ ਜੀਵਨ ਲਈ ਪਰਮੇਸ਼ੁਰ ਦਾ ਵਚਨ ਹੈ ਅਤੇ ਕਿਸੇ ਵੀ ਸਥਿਤੀ ਨੂੰ ਤੁਹਾਡੇ ਲਈ ਪਰਮੇਸ਼ੁਰ ਦੀ ਯੋਜਨਾ ਤੋਂ ਚੋਰੀ ਕਰਨ ਦੀ ਇਜਾਜ਼ਤ ਨਾ ਦਿਓ।

## ਤੁਹਾਡੇ ਸੁਪਨਿਆਂ ਨੂੰ ਪੂਰਾ ਕਰਨ ਦੀ ਉਮੀਦ ਹੈ

ਤੁਹਾਡੇ ਵਿੱਚੋਂ ਕਈਆਂ ਨੇ ਸਾਰੀਆਂ ਆਸਾਂ ਛੱਡ ਦਿੱਤੀਆਂ ਹਨ ਕਿ ਤੁਸੀਂ ਕਦੇ ਵੀ ਆਪਣੇ ਸੁਪਨਿਆਂ ਨੂੰ ਪੂਰਾ ਨਹੀਂ ਕਰ ਸਕੋਗੇ। ਪਰਮੇਸ਼ੁਰ ਦਾ ਵਚਨ ਕਹਿੰਦਾ ਹੈ,

**ਜ਼ਬੂਰ 37:4**
**ਤੂੰ ਯਹੋਵਾਹ ਉੱਤੇ ਨਿਹਾਲ ਰਹੁ, ਤਾਂ ਉਹ ਤੇਰੇ ਮਨੋਰਥਾਂ ਨੂੰ ਪੂਰਿਆਂ ਕਰੇਗਾ।**

ਮੈਂ ਵੀ ਅਜਿਹੇ ਹਾਲਾਤ ਵਿੱਚ ਰਿਹਾ ਹਾਂ ਜਦੋਂ ਅਜਿਹਾ ਲੱਗਦਾ ਸੀ ਕਿ ਮੈਂ ਕਦੇ ਵੀ ਆਪਣੇ ਸੁਪਨੇ ਪੂਰੇ ਨਹੀਂ ਕਰ ਸਕਾਂਗਾ। ਮੈਨੂੰ ਯਾਦ ਹੈ ਜਦੋਂ ਮੈਂ ਵੱਡਾ ਹੋ ਰਿਹਾ ਸੀ। ਇਹ ਇੱਕ ਸੁਪਨਾ ਸੀ ਕਿ ਮੈਂ ਬੈਂਗਲੋਰ ਸ਼ਹਿਰ ਵਿੱਚ ਇੱਕ ਮਜ਼ਬੂਤ ਚਰਚ ਸਥਾਪਿਤ ਕਰਾਂਗਾ ਜੋ ਦੁਨੀਆਂ ਦੀਆਂ ਕੌਮਾਂ ਨੂੰ ਪ੍ਰਭਾਵਿਤ ਕਰੇਗਾ। ਬਹੁਤ ਸਾਰੀਆਂ ਘਟਨਾਵਾਂ ਵਾਪਰੀਆਂ ਅਤੇ ਮੈਂ ਅਜਿਹੀਆਂ ਸਥਿਤੀਆਂ ਵਿੱਚ ਆ ਗਿਆ ਜਦੋਂ ਮੈਂ ਸੋਚਣ ਲੱਗਾ ਕਿ ਮੈਂ ਆਪਣੇ ਇਸ ਸੁਪਨੇ ਨੂੰ ਕਦੇ ਵੀ ਪੂਰਾ ਨਹੀਂ ਕਰ ਸਕਾਂਗਾ। ਅਜਿਹਾ ਲੱਗ ਰਿਹਾ ਸੀ ਜਿਵੇਂ ਇਹ ਇੱਕ ਸੁਪਨਾ ਸਾਕਾਰ ਹੋਵੇਗਾ। ਇਹ ਮਹਿਸੂਸ ਹੋਇਆ ਕਿ ਮੈਂ ਇਸਨੂੰ ਸ਼ੁਰੂ ਕਰਨ ਦੇ ਯੋਗ ਵੀ ਨਹੀਂ ਹੋਵਾਂਗਾ। ਫਿਰ ਵੀ ਮੈਂ ਆਪਣੀ ਇਸ ਆਸ ਨੂੰ ਜੀਉਂਦਾ ਰੱਖਿਆ। ਕਿਉਂਕਿ ਉਸਦਾ ਵਚਨ ਕਹਿੰਦਾ ਹੈ, *"ਕਿ ਉਹ ਮੈਨੂੰ ਭਵਿੱਖ ਅਤੇ ਆਸ ਦੇਵੇਗਾ"* ਅਤੇ ਉਸਨੇ ਉਹ ਚੀਜ਼ਾਂ ਤਿਆਰ ਕੀਤੀਆਂ ਹਨ। *"ਜੋ ਅੱਖਾਂ ਨੇ ਨਹੀਂ ਦੇਖੀਆਂ ਅਤੇ ਕੰਨਾਂ ਨੇ ਸੁਣੀਆਂ ਨਹੀਂ ਹਨ"* ਜਾਂ ਉਸ ਦਾ ਵਚਨ ਇਹ ਵੀ ਕਹਿੰਦਾ ਹੈ ਕਿ ਜੇ ਅਸੀਂ ਉਸ ਵਿੱਚ ਅਨੰਦ ਕਰੀਏ, ਤਾਂ ਉਹ ਮੇਰੇ ਮਨ ਦੀਆਂ ਇੱਛਾਵਾਂ ਪੂਰੀਆਂ ਕਰ ਦੇਵੇਗਾ। ਉਸ ਦਾ ਵਚਨ ਇੱਕੋ ਜਿਹਾ ਰਹੇਗਾ ਭਾਵੇਂ ਸਾਡੇ ਹਾਲਾਤ ਕਿੰਨੇ ਵੀ ਮਾੜੇ ਕਿਉਂ ਨਾ ਹੋਣ। ਮੈਂ ਉਸਦੇ ਵਚਨ ਨੂੰ ਫੜੀ ਰੱਖਦਾ ਹਾਂ। ਉਸਦਾ ਸ਼ਬਦ ਮੇਰੀ ਆਸ ਦਾ ਅਧਾਰ ਬਣ ਗਿਆ। ਹੁਣ ਮੈਂ ਇਹ ਸੁਪਨਾ ਪੂਰਾ ਹੁੰਦਾ ਦੇਖ ਰਿਹਾ ਹਾਂ। ਹਾਲੇਲੂਯਾਹ!

## ਤੁਹਾਡੇ ਬੱਚਿਆਂ ਲਈ ਆਸ ਹੈ

ਤੁਹਾਡੇ ਵਿੱਚੋਂ ਕੁਝ ਆਪਣੇ ਬੱਚਿਆਂ ਬਾਰੇ ਆਸ ਗੁਆ ਰਹੇ ਹਨ। ਭਾਵੇਂ ਤੁਸੀਂ ਉਨ੍ਹਾਂ ਨੂੰ ਸਹੀ ਢੰਗ ਨਾਲ ਸਿਖਲਾਈ ਦਿੱਤੀ ਹੈ ਅਤੇ ਉਨ੍ਹਾਂ ਨੂੰ ਸ਼ਬਦ ਦੁਆਰਾ ਸਿਖਾਇਆ ਹੈ। ਪਰ ਹੁਣ ਉਹ ਜ਼ਿੰਦਗੀ ਦੇ ਅਜਿਹੇ ਮੋੜ ਉੱਤੇ ਹਨ ਜਿੱਥੇ ਉਹ ਅਜਿਹੀਆਂ ਗੱਲਾਂ ਵਿੱਚ ਫਸ ਗਏ ਹਨ, ਜਿਸ ਬਾਰੇ ਤੁਸੀਂ ਕਦੇ ਸੋਚਿਆ ਵੀ ਨਹੀਂ ਹੋਵੇਗਾ। ਸ਼ਾਇਦ ਉਨ੍ਹਾਂ ਨੇ ਆਪਣੀ ਪੜ੍ਹਾਈ ਛੱਡ ਦਿੱਤੀ ਹੈ ਜਾਂ ਨਸ਼ੇ ਅਤੇ ਸ਼ਰਾਬ ਦੀ ਆਦਤ ਵਿੱਚ ਪੈ ਗਏ ਹਨ। ਜੋ ਸਿਖਲਾਈ ਤੁਸੀਂ ਉਨ੍ਹਾਂ ਨੂੰ ਦਿੱਤੀ ਸੀ ਉਹ ਹੁਣ ਤੁਹਾਡੇ ਲਈ ਬੇਕਾਰ ਜਾਪਦੀ ਹੈ। ਤੁਸੀਂ ਸੋਚ ਰਹੇ ਹੋ ਕਿ ਤੁਹਾਡੀ ਸਾਲਾਂ ਦੀ ਮਿਹਨਤ ਬੇਕਾਰ ਗਈ ਹੈ। ਤੁਸੀਂ ਆਪਣੇ ਬੱਚਿਆਂ ਬਾਰੇ ਆਸ ਛੱਡ ਦਿੱਤੀ ਹੈ। ਮੈਂ ਤੁਹਾਨੂੰ ਉਤਸ਼ਾਹਿਤ ਕਰਨਾ ਚਾਹੁੰਦਾ ਹਾਂ, "ਆਸ ਨਾ ਛੱਡੋ" ਪਰਮੇਸ਼ੁਰ ਦਾ ਵਚਨ ਕਹਿੰਦਾ ਹੈ,

**ਜ਼ਬੂਰ 112:1,2**

**1 ਹਾਲੇਲੂਯਾਹ! ਧੰਨ ਹੈ ਉਹ ਮਨੁੱਖ ਜਿਹੜਾ ਯਹੋਵਾਹ ਦਾ ਭੈਅ ਮੰਨਦਾ ਹੈ, ਉਹ ਉਸ ਦੇ ਹੁਕਮਾਂ ਵਿੱਚ ਬਹੁਤ ਮਗਨ ਰਹਿੰਦਾ ਹੈ।**

**2 ਉਹ ਦੀ ਅੰਸ ਧਰਤੀ ਉੱਤੇ ਬਲਵਾਨ ਹੋਵੇਗੀ, ਸੱਚਿਆਰਾਂ ਦੀ ਪੀੜ੍ਹੀ ਮੁਬਾਰਕ ਹੋਵੇਗੀ।**

ਤੂੰ ਪ੍ਰਭੂ ਨੂੰ ਆਖ ਸਕਦਾ ਹੈ, ਮੈਂ ਤੇਰੇ ਵਚਨ ਵਿੱਚ ਆਸ ਰੱਖਦਾ ਹਾਂ। "ਤੁਹਾਡਾ ਵਚਨ ਕਹਿੰਦਾ ਹੈ ਕਿ ਮੇਰੇ ਬੱਚੇ ਇਸ ਧਰਤੀ ਉੱਤੇ ਸ਼ਕਤੀਸ਼ਾਲੀ ਹੋਣਗੇ ਇਸਦਾ ਮਤਲਬ ਇਹ ਹੈ ਕਿ ਤੁਹਾਡੇ ਬੱਚੇ ਇਸ ਧਰਤੀ ਉੱਤੇ ਕੁਝ ਬਣ ਜਾਣਗੇ।" ਉਹ ਪਰਮੇਸ਼ੁਰ ਦੇ ਰਾਜ ਲਈ ਕੁਝ ਕਰਨਗੇ। ਉਹ ਇਸ ਧਰਤੀ ਉੱਤੇ ਸਿਰਫ਼ ਨਾਸ਼ ਨਹੀਂ ਹੋਣਗੇ। ਉਹ ਪਰਮੇਸ਼ੁਰ ਲਈ ਇੱਕ ਪ੍ਰਭਾਵ ਬਣਾਉਣਗੇ।

**ਯਸਾਯਾਹ 54:13**

**ਤੇਰੇ ਸਾਰੇ ਪੁੱਤਰ ਯਹੋਵਾਹ ਵੱਲੋਂ ਸਿੱਖੇ ਹੋਏ ਹੋਣਗੇ ਅਤੇ ਤੇਰੇ ਪੁੱਤਰਾਂ ਦੀ ਸ਼ਾਂਤੀ ਬਹੁਤ ਹੋਵੇਗੀ।**

ਉੱਤੇ ਦਿੱਤੇ ਵਚਨ ਨੂੰ ਤੁਹਾਡੀ ਆਸ ਦਾ ਅਧਾਰ ਬਣਨ ਦਿਓ। ਆਸ ਬਣਾਈ ਰੱਖੋ। ਸ਼ਾਇਦ ਅੱਜ ਤੁਹਾਡਾ ਬੱਚਾ ਤੁਹਾਡੀ ਗੱਲ ਨਹੀਂ ਸੁਣਦਾ। ਪਰ ਤੁਸੀਂ ਆਸ ਦੇ ਵਿਰੁੱਧ ਪਰਮੇਸ਼ੁਰ ਦੇ ਵਚਨ ਵਿੱਚ ਆਸ ਰੱਖ ਸਕਦੇ ਹੋ।

## ਚੰਗਾ ਕਰਨ ਦੀ ਆਸ

ਤੁਹਾਡੇ ਵਿੱਚੋਂ ਕੁਝ ਲੋਕ ਰੋਗਾਂ ਤੋਂ ਪੀੜ੍ਹਿਤ ਹੋਣਗੇ ਅਤੇ ਡਾਕਟਰਾਂ ਨੇ ਤੁਹਾਨੂੰ ਦੱਸਿਆ ਹੈ ਕਿ ਹੁਣ ਤੁਹਾਡੇ ਲਈ ਕੋਈ ਆਸ ਨਹੀਂ ਹੈ। ਇਹ ਆਇਤ ਪਰਮੇਸ਼ੁਰ ਬਾਰੇ ਕੀ ਕਹਿੰਦੀ ਹੈ।

**ਜ਼ਬੂਰ 103:3**

**ਉਹ ਤੇਰੀਆਂ ਸਾਰੀਆਂ ਬੁਰਿਆਈਆਂ ਨੂੰ ਖਿਮਾ ਕਰਦਾ ਹੈ, ਉਹ ਸਾਰੇ ਰੋਗਾਂ ਤੋਂ ਤੈਨੂੰ ਨਰੋਆ**

**ਕਰਦਾ ਹੈ।**

ਇਹ ਤੁਹਾਡੇ ਲਈ ਆਸ ਹੈ। ਆਪਣੀ ਉਮੀਦ ਨੂੰ ਜੀਉਂਦਾ ਰੱਖੋ। ਬਾਈਬਲ ਦੇ ਮੁਤਾਬਕ ਆਪਣੇ ਆਪ ਦੀ ਸੰਪੂਰਨ ਸਿਹਤ ਅਤੇ ਤੰਦਰੁਸਤੀ ਵਾਲੇ ਵਿਅਕਤੀ ਵਜੋਂ ਕਲਪਨਾ ਕਰੋ।

**ਕਹਾਉਤਾਂ 3:7,8**

**7 ਤੂੰ ਆਪਣੀ ਨਿਗਾਹ ਵਿੱਚ ਬੁੱਧਵਾਨ ਨਾ ਹੋ, ਯਹੋਵਾਹ ਦਾ ਭੈਅ ਰੱਖ ਅਤੇ ਬੁਰਿਆਈ ਤੋਂ ਲਾਂਭੇ ਰਹੁ।**

**8 ਏਸ ਤੋਂ ਤੇਰੀ ਨਾਭੀ ਨਿਰੋਗ ਅਤੇ ਤੇਰੀਆਂ ਹੱਡੀਆਂ ਪੁਸ਼ਟ ਰਹਿਣਗੀਆਂ।**

ਪਰਮੇਸ਼ੁਰ ਲਈ ਤੁਹਾਡਾ ਸਤਿਕਾਰ ਤੁਹਾਡੇ ਸਰੀਰ ਨੂੰ ਤੰਦਰੁਸਤੀ ਪ੍ਰਦਾਨ ਕਰਦਾ ਹੈ।

# 6
# ਮੈਨੂੰ ਇੱਕ ਨਿਰਾਸ਼ ਹਲਾਤ ਵਿੱਚ ਕੀ ਕਰਨਾ ਚਾਹੀਦਾ ਹੈ?

**ਰੋਮੀਆਂ 4:17–21**

**[17] ਜਿਵੇਂ ਲਿਖਿਆ ਹੋਇਆ ਹੈ ਕਿ, "ਮੈਂ ਤੈਨੂੰ ਬਹੁਤੀਆਂ ਕੌਮਾਂ ਦਾ ਪਿਤਾ ਠਹਿਰਾਇਆ ਹੈ" ਅਰਥਾਤ ਉਸ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਜਿਹ ਦੀ ਉਸ ਨੇ ਪਰਤੀਤ ਕੀਤੀ ਜਿਹੜਾ ਮੁਰਦਿਆਂ ਨੂੰ ਜਿਵਾਲਦਾ ਅਤੇ ਓਹਨਾਂ ਅਣਹੋਣੀਆਂ ਵਸਤਾਂ ਨੂੰ ਇਉਂ ਸੱਦਦਾ ਹੈ ਭਈ ਜਾਣੋ ਓਹ ਸਨਮੁੱਖ ਹਨ।**

**[18] ਨਿਰਾਸ਼ਾ ਵਿੱਚ ਆਸ ਨਾਲ ਉਸ ਨੇ ਪਰਤੀਤ ਕੀਤੀ ਭਈ ਓਸ ਵਾਕ ਦੇ ਅਨੁਸਾਰ ਕਿ ਤੇਰੀ ਅੰਸ ਇਉਂ ਹੋਵੇਗੀ, "ਉਹ ਬਾਹਲੀਆਂ ਕੌਮਾਂ ਦਾ ਪਿਤਾ ਹੋਵੇ।"**

**[19] ਅਤੇ ਨਿਹਚਾ ਵਿੱਚ ਉਹ ਢਿੱਲਾ ਨਾ ਹੋਇਆ ਭਾਵੇਂ ਉਹ ਸੌ ਕੁ ਵਰਿਹਾਂ ਦਾ ਹੋ ਗਿਆ ਸੀ ਜਦੋਂ ਉਹ ਨੇ ਧਿਆਨ ਕੀਤਾ ਭਈ ਮੇਰੀ ਦੇਹ ਹੁਣ ਮੁਰਦੇ ਵਰਗੀ ਹੋ ਗਈ ਹੈ ਨਾਲੇ ਸਾਰਾਹ ਦੀ ਕੁੱਖ ਨੂੰ ਸੋਕਾ ਲੱਗ ਗਿਆ ਹੈ।**

**[20] ਪਰੰਤੂ ਪਰਮੇਸ਼ੁਰ ਦੇ ਵਚਨ ਦੀ ਵੱਲੋਂ ਉਹ ਨੇ ਬੇਪਰਤੀਤ ਨਾਲ ਸ਼ੰਕਾ ਨਾ ਕੀਤੀ ਸਗੋਂ ਨਿਹਚਾ ਵਿੱਚ ਤਕੜਿਆਂ ਹੋ ਕੇ ਉਹ ਨੇ ਪਰਮੇਸ਼ੁਰ ਦੀ ਵਡਿਆਈ ਕੀਤੀ,**

**[21] ਅਤੇ ਉਹ ਨੂੰ ਪੱਕੀ ਨਿਹਚਾ ਸੀ ਭਈ ਜਿਹ ਦਾ ਉਸ ਨੇ ਵਚਨ ਦਿੱਤਾ ਉਸ ਦੇ ਪੂਰਿਆਂ ਕਰਨ ਨੂੰ ਵੀ ਸਮਰੱਥ ਹੈ।**

ਅਸੀਂ ਆਸਹੀਣ ਸਥਿਤੀ ਵਿੱਚ ਕੀ ਕਰਦੇ ਹਾਂ ਤਾਂ ਜੋ ਪਰਮੇਸ਼ੁਰ ਸਥਿਤੀ ਨੂੰ ਬਦਲ ਸਕੇ? ਅਸੀਂ ਅਬਰਾਹਾਮ ਦੀ ਜ਼ਿੰਦਗੀ ਤੋਂ ਕੀ ਸਿੱਖਦੇ ਹਾਂ? ਉਸ ਨੇ ਕੀ ਕੀਤਾ ਤਾਂ ਕਿ ਪਰਮੇਸ਼ੁਰ ਉਸ ਦੇ ਆਸਹੀਣ ਹਲਾਤ ਨੂੰ ਬਦਲ ਸਕੇ? ਬਾਈਬਲ ਕਹਿੰਦੀ ਹੈ ਕਿ ਅਬਰਾਹਾਮ ਨੇ ਆਸ ਦੇ ਵਿਰੁੱਧ ਵਿਸ਼ਵਾਸ ਕੀਤਾ ਤਾਂ ਜੋ ਉਸ ਨਾਲ ਕੀਤਾ ਵਾਇਦਾ ਉਸ ਦੇ ਜੀਵਨ ਵਿੱਚ ਪੂਰਾ ਹੋ ਸਕੇ (ਰੋਮੀਆਂ 4:18)। ਕੀ ਤੁਸੀਂ ਵਿਸ਼ਵਾਸ ਕਰੋਗੇ ਕਿ ਪਰਮੇਸ਼ੁਰ ਨੇ ਜੋ ਕਿਹਾ ਹੈ ਉਹ ਪੂਰਾ ਹੋਵੇਗਾ? ਉਦਾਹਰਨ ਲਈ, ਪਰਮੇਸ਼ੁਰ ਦਾ ਵਚਨ ਕਹਿੰਦਾ ਹੈ, "ਤੁਸੀਂ ਜੋ ਵੀ ਕਰੋਗੇ ਤੁਸੀਂ ਸਫ਼ਲ ਹੋਵੋਗੇ" ਅਤੇ ਤੁਹਾਨੂੰ ਇਸ ਉੱਤੇ ਵਿਸ਼ਵਾਸ ਕਰਨਾ ਪਵੇਗਾ। ਕੀ ਤੁਸੀਂ ਵਿਸ਼ਵਾਸ ਕਰੋਗੇ?

## ਉਸ ਆਸ ਉੱਤੇ ਵਿਸ਼ਵਾਸ ਕਰੋ, ਜੋ ਪਰਮੇਸ਼ੁਰ ਨੇ ਤੁਹਾਡੇ ਲਈ ਕਿਹਾ ਹੈ ਕਿ ਤੁਸੀਂ ਬਣੋਗੇ

ਪਰਮੇਸ਼ੁਰ ਅਤੇ ਉਸਦਾ ਵਚਨ ਇੱਕ ਹਨ। ਵਚਨ ਵਿੱਚ ਵਿਸ਼ਵਾਸ ਕਰਨਾ ਪਰਮੇਸ਼ੁਰ ਵਿੱਚ ਵਿਸ਼ਵਾਸ ਕਰਨਾ ਹੈ। ਤੁਹਾਡੀਆਂ ਸਾਰੀਆਂ ਆਸਾਂ ਦੇ ਉਲਟ ਵਿਸ਼ਵਾਸ ਕਰਨਾ ਵਿਸ਼ਵਾਸ ਕਰਨਾ ਹੈ। ਇਸ ਲਈ ਭਾਵੇਂ ਸਭ ਕੁਝ ਆਸਹੀਣ ਲੱਗਦਾ ਹੈ, ਤੁਹਾਨੂੰ

ਵਿਸ਼ਵਾਸ ਕਰਨਾ ਪਵੇਗਾ ਕਿ ਤੁਸੀਂ ਪਰਮੇਸ਼ੁਰ ਦੇ ਵਾਇਦੇ ਮੁਤਾਬਕ ਬਣੋਗੇ। ਆਸ ਨਾ ਛੱਡੋ।

## ਆਸਹੀਣ ਹਾਲਾਤ ਨੂੰ ਤੁਹਾਡਾ ਵਿਸ਼ਵਾਸ ਹਿਲਾ ਨਾ ਪਾਏ

ਅਬਰਾਹਾਮ, *"ਤੇ ਨਿਹਚਾ ਵਿੱਚ ਉਹ ਢਿੱਲਾ ਨਾ ਹੋਇਆ ਭਾਵੇਂ ਉਹ ਸੌ ਕੁ ਵਰਿਹਾਂ ਦਾ ਹੋ ਗਿਆ ਸੀ ਜਦੋਂ ਉਹ ਨੇ ਧਿਆਨ ਕੀਤਾ ਭਈ ਮੇਰੀ ਦੇਹ ਹੁਣ ਮੁਰਦੇ ਵਰਗੀ ਹੋ ਗਈ ਹੈ ਨਾਲੇ ਸਾਰਾਹ ਦੀ ਕੁੱਖ ਨੂੰ ਸੋਕਾ ਲੱਗ ਗਿਆ ਹੈ"* (ਰੋਮੀਆਂ 4:19)। ਉਸ ਨੇ ਆਪਣੇ ਸਰੀਰ ਦੀ ਹਾਲਤ ਅਤੇ ਆਪਣੇ ਆਲੇ ਦੁਆਲੇ ਦੇ ਹਾਲਾਤ ਨੂੰ ਦੇਖ ਕੇ ਆਪਣੀ ਨਿਹਚਾ ਨੂੰ ਕਮਜ਼ੋਰ ਨਹੀਂ ਹੋਣ ਦਿੱਤਾ। ਕਿਸੇ ਵੀ ਹਾਲਤ ਵਿੱਚ, ਨਿਰਾਸ਼ਾ ਨੂੰ ਆਪਣੇ ਵਿਸ਼ਵਾਸ ਨੂੰ ਕਮਜ਼ੋਰ ਨਾ ਹੋਣ ਦਿਓ। ਆਲੇ ਦੁਆਲੇ ਵੇਖ ਕੇ ਇਹ ਨਾ ਕਹੋ, "ਇਹ ਹੁਣ ਠੀਕ ਨਹੀਂ ਹੋ ਸਕਦਾ।"

ਹਾਲਾਂਕਿ, ਇਸਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਹਾਲਾਤ ਤੋਂ ਇਨਕਾਰ ਕਰਨਾ ਚਾਹੀਦਾ ਹੈ। ਬਸ ਆਪਣੇ ਹਾਲਾਤ ਦੀ ਅਸਲੀਅਤ ਵਿੱਚ ਆਪਣੇ ਵਿਸ਼ਵਾਸ ਨੂੰ ਕਮਜ਼ੋਰ ਨਾ ਹੋਣ ਦਿਓ। ਇਸ ਦੀ ਬਜਾਇ, ਤੁਹਾਨੂੰ ਕਲਪਨਾ ਦੇ "ਪ੍ਰਚਾਰ" ਉੱਤੇ ਆਪਣੇ ਵਾਇਦੇ ਕੀਤੇ ਨਤੀਜੇ ਦੀ ਇੱਕ ਤਸਵੀਰ "ਪੇਂਟ" ਕਰਨੀ ਚਾਹੀਦੀ ਹੈ। ਉਦਾਹਰਨ ਲਈ, ਆਪਣੇ ਆਪ ਨੂੰ ਇੱਕ ਸੰਪੂਰਨ ਸਿਹਤਮੰਦ ਵਿਅਕਤੀ, ਜੀਵਨ ਵਿੱਚ ਇੱਕ ਸਫਲ ਵਿਅਕਤੀ, ਤੁਹਾਡਾ ਵਿਆਹ ਸੰਪੂਰਨ ਅਤੇ ਵਿਵਸਥਿਤ, ਆਪਣੇ ਬੱਚਿਆਂ ਨੂੰ ਪ੍ਰਭੂ ਦੀ ਸੇਵਾ ਕਰਦੇ ਹੋਏ ਅਤੇ ਉਸਦੇ ਰਾਹਾਂ ਵਿੱਚ ਚੱਲਦੇ ਹੋਏ ਰੂਪ ਵਿੱਚ ਤਸਵੀਰ ਬਣਾਓ। ਅਜਿਹੀ ਤਸਵੀਰ ਪਰਮੇਸ਼ੁਰ ਦੇ ਵਚਨ ਉੱਤੇ ਅਧਾਰਿਤ ਹੋਣੀ ਚਾਹੀਦੀ ਹੈ ਅਤੇ ਤੁਹਾਨੂੰ ਇਸ ਨੂੰ ਕਈ ਵਾਰ ਦੇਖਣਾ ਚਾਹੀਦਾ ਹੈ।

ਤਾਂ ਉਹ ਉਸ ਨੂੰ ਬਾਹਰ ਲੈ ਗਿਆ ਅਰ ਆਖਿਆ ਅਕਾਸ਼ ਵੱਲ ਨਿਗਾਹ ਮਾਰ ਅਤੇ ਫੇਰ ਉਸ ਨੇ ਉਹ ਨੂੰ ਆਖਿਆ, *"ਐਨੀ ਹੀ ਤੇਰੀ ਅੰਸ ਹੋਵੇਗੀ"* (ਉਤਪਤ 15:5ਅ)। ਅਬਰਾਹਾਮ ਦੇ ਮਨ ਵਿੱਚ ਪਰਮੇਸ਼ੁਰ ਦੇ ਵਾਇਦੇ ਦੀ "ਤਸਵੀਰ" ਸੀ। ਉਹ ਆਪਣੇ ਵੰਸ਼ਾਂ ਨੂੰ ਅਕਾਸ਼ ਦੇ ਤਾਰਿਆਂ ਵਾਂਗੂ "ਦੇਖਣ" ਦੇ ਯੋਗ ਸੀ। ਜਦੋਂ ਵੀ ਅਬਰਾਹਾਮ ਨੇ ਆਪਣੇ ਸਰੀਰ ਅਤੇ ਪਤਨੀ ਦੀ ਕੁੱਖ ਦੀ ਮਰੀ ਹੋਈ ਹਾਲਤ ਨੂੰ ਦੇਖਿਆ। ਹਰ ਵਾਰੀ ਉਸ ਨੂੰ ਪਰਮੇਸ਼ੁਰ ਦਾ ਵਾਇਦਾ ਯਾਦ ਆਉਂਦਾ ਸੀ ਕਿ ਪਰਮੇਸ਼ੁਰ ਨੇ ਉਸ ਨਾਲ ਵਾਇਦਾ ਕੀਤਾ ਸੀ ਕਿ ਉਸ ਦੇ ਬੱਚੇ ਅਕਾਸ਼ ਦੇ ਤਾਰਿਆਂ ਵਾਂਗ ਅਤੇ ਧਰਤੀ ਉੱਤੇ ਰੇਤ ਵਾਂਗ ਹੋਣਗੇ।

ਅਕਸਰ ਮੈਂ ਆਪਣੇ ਆਪ ਨੂੰ ਹਜ਼ਾਰਾਂ ਲੋਕਾਂ ਨੂੰ ਪਰਮੇਸ਼ੁਰ ਦੇ ਵਚਨ ਦਾ ਪ੍ਰਚਾਰ ਕਰਦੇ ਵੇਖਦਾ ਹਾਂ। ਮੈਂ ਆਪਣੀ ਸਥਾਨਕ ਚਰਚ ਦੀ ਸਭਾ ਨੂੰ ਸ਼ਹਿਰ ਦੇ ਆਲੇ-ਦੁਆਲੇ ਪੰਜ ਵੱਖ-ਵੱਖ ਥਾਵਾਂ ਉੱਤੇ ਹਜ਼ਾਰਾਂ ਲੋਕਾਂ ਦੇ ਮੈਂਬਰ ਵਜੋਂ ਦੇਖਦਾ ਹਾਂ। ਐਤਵਾਰ ਦੀ ਸਵੇਰ ਨੂੰ ਚਰਚ ਵਿੱਚ ਇਸ ਲਈ ਖਾਲੀ ਕੁਰਸੀਆਂ ਦੇਖ ਕੇ ਮੇਰਾ ਵਿਸ਼ਵਾਸ ਕਮਜ਼ੋਰ ਨਹੀਂ ਹੁੰਦਾ ਕਿਉਂਕਿ ਮੇਰੇ ਮਨ ਵਿੱਚ ਆਖ਼ਰੀ ਮੰਜ਼ਿਲ ਦੀ ਤਸਵੀਰ ਹੈ। ਤੁਹਾਡੇ ਮੌਜੂਦਾ

ਹਲਾਤ ਜੋ ਵੀ ਹੋਣ, ਆਪਣੇ ਮਨ ਵਿੱਚ ਆਖ਼ਰੀ ਮੰਜ਼ਿਲ ਦੀ ਤਸਵੀਰ ਬਣਾਓ ਅਤੇ ਆਸ ਰੱਖੋ।

## ਦ੍ਰਿੜ੍ਹਤਾ ਅਤੇ ਧੀਰਜ ਦਿਖਾਓ

ਇੱਕ ਹੋਰ ਚੀਜ਼ ਜੋ ਅਸੀਂ ਅਬਰਾਹਾਮ ਦੇ ਜੀਵਨ ਵਿੱਚ ਦੇਖਦੇ ਹਾਂ ਉਹ ਇਹ ਹੈ ਕਿ ਉਹ ਵਿਸ਼ਵਾਸ ਤੋਂ ਨਹੀਂ ਡੋਲਿਆ (ਰੋਮੀਆਂ 4:20)। ਉਹ ਪਰਮੇਸ਼ੁਰ ਦੇ ਵਾਇਦੇ ਤੋਂ ਨਹੀਂ ਹਟਿਆ। ਪਰ ਪਰਮੇਸ਼ੁਰ ਦੇ ਵਚਨ ਦੀ ਵੱਲੋਂ ਉਹ ਨੇ ਬੇਪਰਤੀਤ ਨਾਲ ਸ਼ੰਕਾ ਨਾ ਕੀਤੀ ਸਗੋਂ ਨਿਹਚਾ ਵਿੱਚ ਤਕੜਿਆਂ ਹੋ ਕੇ ਉਹ ਨੇ ਪਰਮੇਸ਼ੁਰ ਦੀ ਵਡਿਆਈ ਕੀਤੀ। ਵਿਸ਼ਵਾਸ ਦੇ ਨਾਲ-ਨਾਲ ਦ੍ਰਿੜ੍ਹਤਾ ਅਤੇ ਧੀਰਜ ਬਹੁਤ ਜ਼ਰੂਰੀ ਹੈ। ਰੋਮੀਆਂ 8:25 ਕਹਿੰਦਾ ਹੈ, *"ਪਰ ਜਿਹੜੀ ਵਸਤੂ ਅਸੀਂ ਨਹੀਂ ਵੇਖਦੇ ਜੇ ਉਹ ਦੀ ਆਸ ਰੱਖੀਏ ਤਾਂ ਧੀਰਜ ਨਾਲ ਉਹ ਦੀ ਉਡੀਕ ਵਿੱਚ ਰਹਿੰਦੇ ਹਾਂ।"* ਹਾਲਾਂਕਿ ਸਾਡੇ ਵਿੱਚੋਂ ਬਹੁਤ ਸਾਰੇ ਲੋਕ ਬਹੁਤ ਸਾਰੀਆਂ ਚੀਜ਼ਾਂ ਦੀ ਆਸ ਕਰਦੇ ਹਨ, ਅਸੀਂ ਉਨ੍ਹਾਂ ਨੂੰ ਜਲਦੀ ਪ੍ਰਾਪਤ ਕਰਨਾ ਚਾਹੁੰਦੇ ਹਾਂ। ਪਰ ਦੂਜੇ ਪਾਸੇ, ਵਚਨ ਸਾਨੂੰ ਉਨ੍ਹਾਂ ਚੀਜ਼ਾਂ ਲਈ ਧੀਰਜ ਨਾਲ ਉਡੀਕ ਕਰਨ ਦੀ ਸਲਾਹ ਦਿੰਦਾ ਹੈ, ਜੋ ਅਸੀਂ ਨਹੀਂ ਦੇਖਦੇ, ਅਸਾਨੀ ਨਾਲ ਹਾਰ ਨਾ ਮੰਨੀਏ। ਧੀਰਜ ਨਾਲ ਉਡੀਕ ਕਰੋ। ਪੌਲੁਸ ਰਸੂਲ ਕਹਿੰਦਾ ਹੈ:

**1 ਥੱਸਲੁਨੀਕੀਆਂ 1:3**

**ਅਤੇ ਤੁਹਾਡੀ ਨਿਹਚਾ ਦਾ ਕੰਮ ਅਤੇ ਪ੍ਰੇਮ ਦੀ ਮਿਹਨਤ ਅਤੇ ਸਾਡੇ ਪ੍ਰਭੂ ਯਿਸੂ ਮਸੀਹ ਉੱਤੇ ਤੁਹਾਡੀ ਆਸਾ ਦੀ ਧੀਰਜ ਆਪਣੇ ਪਰਮੇਸ਼ੁਰ ਪਿਤਾ ਅਤੇ ਪਿਤਾ ਦੇ ਅੱਗੇ ਨਿੱਤ ਚੇਤੇ ਕਰਦੇ ਹਾਂ।**

ਆਸ ਸਬਰ ਹੈ! ਅਸਲ ਆਸ ਜੋ ਵਚਨ ਉੱਤੇ ਅਧਾਰਿਤ ਹੈ ਧੀਰਜ ਹੈ।

**ਵਿਰਲਾਪ ਗੀਤ 3:26**

**ਭਲਾ ਹੈ ਕਿ ਮਨੁੱਖ ਚੁੱਪ-ਚਾਪ ਯਹੋਵਾਹ ਦੇ ਬਚਾਓ ਲਈ ਆਸਾ ਰੱਖੇ।**

ਜਦੋਂ ਤੁਹਾਡੇ ਕੋਲ ਸੱਚੀ ਆਸ ਹੁੰਦੀ ਹੈ, ਤਾਂ ਸ਼ਾਂਤੀ, ਸੰਤੁਸ਼ਟੀ ਅਤੇ ਸਦਭਾਵਨਾ ਹੁੰਦੀ ਹੈ। ਤੁਸੀਂ ਜਾਣ ਲੈਂਦੇ ਹੋ ਕਿ ਇਹ ਹੋਵੇਗਾ। ਤੁਸੀਂ ਬੇਚੈਨ, ਬੇਸਬਰੇ ਹੋ ਅਤੇ ਬਾਗ਼ੀ ਹੋ ਕੇ, ਤੁਸੀਂ ਸਾਰਿਆਂ ਨੂੰ ਪਿੱਛੇ ਧੱਕ ਕੇ ਆਪਣੀ ਇੱਛਾ ਪੂਰੀ ਨਹੀਂ ਕਰਨਾ ਚਾਹੋਗੇ। ਇਸ ਦੀ ਬਜਾਇ, ਤੁਸੀਂ ਸ਼ਾਂਤ ਰਹੋਗੇ ਕਿਉਂਕਿ ਤੁਸੀਂ ਜਾਣਦੇ ਹੋ ਕਿ ਤੁਸੀਂ ਜੋ ਵਿਸ਼ਵਾਸ ਕਰਦੇ ਹੋ ਉਹ ਜ਼ਰੂਰ ਪੂਰਾ ਹੋਵੇਗਾ। ਧੀਰਜ ਨਾਲ ਉਡੀਕ ਕਰਨਾ ਯਕੀਨੀ ਬਣਾਓ। ਅਸੀਂ ਆਸ ਕਰਦੇ ਹਾਂ। ਪੱਕਾ ਇਰਾਦਾ ਪਰਮੇਸ਼ੁਰ ਦੇ ਵਚਨ ਦੀ ਲਗਾਤਾਰ ਆਗਿਆਕਾਰੀ ਨਾਲ ਪ੍ਰਗਟ ਹੁੰਦਾ ਹੈ। ਬਾਹਰ ਨਿਕਲਣ ਦਾ ਅਸਾਨ ਰਾਹ ਨਾ ਲੱਭੋ। ਇਹ ਸਿਰਫ਼ ਅੱਗੇ ਜਾ ਕੇ ਸਮੱਸਿਆ ਨੂੰ ਹੋਰ ਗੁੰਝਲਦਾਰ ਬਣਾਵੇਗਾ।

## ਆਪਣਾ ਅਨੰਦ ਬਣਾ ਕੇ ਰੱਖੋ; ਪ੍ਰਭੂ ਦੀ ਉਸਤਤ ਕਰੋ

ਅਬਰਾਹਾਮ ਨੇ ਪਰਮੇਸ਼ੁਰ ਦੀ ਵਡਿਆਈ ਕੀਤੀ (ਰੋਮੀਆਂ 4:20)। ਜਦੋਂ ਤੁਹਾਡੇ

ਕੋਲ ਆਸ ਹੈ, ਤੁਹਾਨੂੰ ਖੁਸ਼ੀ ਮਿਲਦੀ ਹੈ। ਜਦੋਂ ਤੁਹਾਡੇ ਕੋਲ ਆਸ ਹੈ—ਪਰਮੇਸ਼ੁਰ ਦੇ ਵਚਨ ਦੇ ਮੁਤਾਬਕ—ਤਾਂ ਤੁਸੀਂ ਅਨੰਦ ਕਰ ਸਕਦੇ ਹੋ। ਇੱਕ ਸਮਾਂ ਹੁੰਦਾ ਹੈ ਜਦੋਂ ਤੁਸੀਂ ਹਲਾਤ ਵਿੱਚ ਖੁਸ਼ ਹੁੰਦੇ ਹੋ। ਪਰ ਅਜਿਹੇ ਸਮੇਂ ਵੀ ਹੁੰਦੇ ਹਨ ਜਦੋਂ "ਤੁਸੀਂ ਆਸ ਵਿੱਚ ਖੁਸ਼ ਹੁੰਦੇ ਹੋ"। ਤੁਹਾਡੇ ਵਿੱਚੋਂ ਜਿਨ੍ਹਾਂ ਦੇ ਛੋਟੇ ਬੱਚੇ ਹਨ, ਉਹ ਜਾਣਦੇ ਹਨ ਕਿ ਜਦੋਂ ਉਨ੍ਹਾਂ ਦਾ ਜਨਮ ਦਿਨ ਨੇੜੇ ਆਉਂਦਾ ਹੈ ਤਾਂ ਉਹ ਕਿੰਨੇ ਖੁਸ਼ ਹੁੰਦੇ ਹਨ। ਜਦੋਂ ਸਾਡੀ ਧੀ ਰੂਥ ਨੇ ਹਾਲ ਹੀ ਵਿੱਚ ਆਪਣਾ ਜਨਮ ਦਿਨ ਮਨਾਇਆ, ਤਾਂ ਉਹ ਇੱਕ ਹਫ਼ਤਾ ਪਹਿਲਾਂ ਹੀ ਇਸ ਦੀ ਉਡੀਕ ਕਰਦੀ ਸੀ। ਉਹ "ਆਸ ਵਿੱਚ ਬਹੁਤ ਖੁਸ਼ ਸੀ!" ਉਹ ਸੱਚਮੁੱਚ ਬਹੁਤ ਖੁਸ਼ ਸੀ ਅਤੇ ਆਪਣੇ ਜਨਮ ਦਿਨ ਤੋਂ ਇੱਕ ਰਾਤ ਪਹਿਲਾਂ ਉਸਨੇ ਕਿਹਾ, "ਪਿਤਾ ਜੀ, ਜਦੋਂ ਮੈਂ ਸਵੇਰੇ ਉੱਠਾਂ ਤਾਂ ਤੁਸੀਂ ਕਹਿਣਾ, 'ਗੁੱਡ ਮਾਰਨਿੰਗ, ਜਨਮ ਦਿਨ ਵਾਲੀ ਕੁੜੀ।'" ਇਹ ਸੱਚ ਹੈ ਕਿ ਉਹ ਅਗਲੇ ਦਿਨ ਆਪਣਾ ਜਨਮ ਦਿਨ ਮਨਾਉਣ ਜਾ ਰਹੀ ਸੀ "ਹੁਣ" ਖੁਸ਼ੀਆਂ ਲੈ ਕੇ ਆਇਆ ਸੀ। ਅਜੇ ਉਸ ਦਾ ਜਨਮਦਿਨ ਨਹੀਂ ਆਇਆ ਸੀ ਪਰ ਉਹ ਆਸ ਨਾਲ ਖੁਸ਼ ਹੋ ਰਹੀ ਸੀ। ਮਸੀਹੀ ਲੋਕ ਹੋਣ ਦੇ ਨਾਤੇ, ਅਸੀਂ ਆਸ ਵਿੱਚ ਖ਼ੁਸ਼ ਹੁੰਦੇ ਹਾਂ। ਅਸੀਂ ਖ਼ੁਸ਼ ਹਾਂ ਕਿ ਯਹੋਵਾਹ ਹਾਲਾਤ ਨੂੰ ਬਦਲ ਦੇਵੇਗਾ। ਅਸੀਂ ਆਸ ਵਿੱਚ ਖੁਸ਼ ਹੁੰਦੇ ਹਾਂ।

**ਰੋਮੀਆਂ 15:13**

**ਹੁਣ ਆਸਾ ਦਾ ਪਰਮੇਸ਼ੁਰ ਤੁਹਾਨੂੰ ਨਿਹਚਾ ਕਰਨ ਦੇ ਵਸੀਲੇ ਨਾਲ ਸਾਰੇ ਅਨੰਦ ਅਤੇ ਸ਼ਾਂਤੀ ਨਾਲ ਭਰ ਦੇਵੇ ਭਈ ਤੁਸੀਂ ਪਵਿੱਤਰ ਆਤਮਾ ਦੀ ਸਮਰੱਥ ਨਾਲ ਆਸਾ ਵਿੱਚ ਵਧਦੇ ਜਾਵੋ।**

**ਰੋਮੀਆਂ 12:12**

**ਆਸਾ ਵਿੱਚ ਅਨੰਦ ਅਤੇ ਬਿਪਤਾ ਵਿੱਚ ਧੀਰਜ ਕਰੋ, ਪ੍ਰਾਰਥਨਾ ਲਗਾਤਾਰ ਕਰਦੇ ਰਹੋ।**

ਅਸੀਂ ਆਸ ਵਿੱਚ ਧੁੰਮ ਪਾ ਸਕਦੇ ਹਾਂ ਅਤੇ ਆਸ ਦਾ ਪਰਮੇਸ਼ੁਰ ਸਾਨੂੰ ਖੁਸ਼ੀ ਅਤੇ ਸ਼ਾਂਤੀ ਨਾਲ ਭਰ ਦਿੰਦਾ ਹੈ। ਜਦੋਂ ਅਸੀਂ ਵਿਸ਼ਵਾਸ ਕਰਦੇ ਹਾਂ ਤਾਂ ਸਾਡੇ ਜੀਵਨ ਵਿੱਚ ਖੁਸ਼ੀ ਅਤੇ ਸ਼ਾਂਤੀ ਆਉਂਦੀ ਹੈ। ਕਈ ਵਾਰ ਲੋਕ ਸ਼ਿਕਾਇਤ ਕਰਦੇ ਹਨ ਅਤੇ ਬੁੜ ਬੁੜਾਉਂਦੇ ਹਨ ਜਦੋਂ ਉਨ੍ਹਾਂ ਨੂੰ ਲੰਮਾ ਸਮਾਂ ਉਡੀਕ ਕਰਨੀ ਪੈਂਦੀ ਹੈ। ਉਹ ਸਿਰਫ ਆਸ ਕਰਦੇ ਹਨ। ਅਜੋਕੇ ਹਾਲਾਤ ਦੀ ਬਜਾਇ ਤਸਵੀਰ ਬਣਾਉਣੀ ਪੈਂਦੀ ਹੈ, ਉਨ੍ਹਾਂ ਦੇ ਸਾਹਮਣੇ ਆਸ ਦੀ ਤਸਵੀਰ ਰੱਖਣੀ ਚਾਹੀਦੀ ਹੈ। ਤੁਹਾਨੂੰ ਇਹ ਜਾਣ ਕੇ ਖੁਸ਼ੀ ਅਤੇ ਸ਼ਾਂਤੀ ਮਿਲੇਗੀ ਕਿ ਉਹ ਤਸਵੀਰ ਇੱਕ ਦਿਨ ਅਸਲੀਅਤ ਬਣ ਜਾਵੇਗੀ।

**ਜ਼ਬੂਰ 42:5**

**ਹੇ ਮੇਰੇ ਜੀ, ਤੂੰ ਕਿਉਂ ਝੁਕਿਆ ਹੋਇਆ ਹੈਂ? ਅਤੇ ਮੇਰੇ ਵਿੱਚ ਕਿਉਂ ਵਿਆਕੁਲ ਹੈਂ? ਪਰਮੇਸ਼ੁਰ ਉੱਤੇ ਆਸ਼ਾ ਰੱਖ! ਮੈਂ ਤਾਂ ਉਸ ਦੇ ਮੁੱਖੜੇ ਦੇ ਬਚਾਵਾਂ ਲਈ ਫੇਰ ਉਸ ਦਾ ਧੰਨਵਾਦ ਕਰਾਂਗਾ।**

**ਜ਼ਬੂਰ 71:14**

**ਪਰ ਮੈਂ ਨਿੱਤ ਆਸ ਰੱਖੀ ਜਾਵਾਂਗਾ ਅਤੇ ਤੇਰੀ ਉਸਤਤ ਤੇ ਉਸਤਤ ਕਰਦਾ ਹੀ ਜਾਵਾਂਗਾ।**

ਜਦੋਂ ਇੱਕ ਵਿਅਕਤੀ ਵਿੱਚ ਆਸ ਹੁੰਦੀ ਹੈ, ਤਾਂ ਉਸ ਕੋਲ ਪਰਮੇਸ਼ੁਰ ਦੀ ਉਸਤਤ ਅਤੇ ਅਨੰਦ ਕਰਨ ਦੀ ਯੋਗਤਾ ਹੁੰਦੀ ਹੈ। ਸ਼ਾਇਦ, ਜਦੋਂ ਤੁਸੀਂ ਇਹ ਪੜ੍ਹ ਰਹੇ ਹੋ,

ਤਾਂ ਤੁਸੀਂ ਆਸਹੀਣ ਹਲਾਤ ਵਿੱਚ ਹੋ ਸਕਦੇ ਹੋ ਅਤੇ ਕਹਿ ਰਹੇ ਹੋ, "ਮੈਂ ਕਿਵੇਂ ਖੁਸ਼ ਹੋ ਸਕਦਾ ਹਾਂ?" ਬਾਈਬਲ ਕਹਿੰਦੀ ਹੈ ਕਿ, "ਤੁਸੀਂ ਆਸ ਵਿੱਚ ਖੁਸ਼ ਹੋਵੋ।" ਅਸੀਂ ਪਰਮੇਸ਼ੁਰ ਦੀ ਉਸਤਤ ਕਿਵੇਂ ਕਰ ਸਕਦੇ ਹਾਂ? ਅਸੀਂ ਉਸ ਆਸ ਦੇ ਕਾਰਨ ਪਰਮੇਸ਼ੁਰ ਦੀ ਹਾਲਾਤ ਕਰ ਸਕਦੇ ਹਾਂ ਜੋ ਸਾਡੇ ਕੋਲ ਹੈ। ਅੱਜ ਸਭ ਕੁਝ ਬੁਰਾ ਲੱਗ ਸਕਦਾ ਹੈ, ਅੱਜ ਹਲਾਤ ਔਖੇ ਲੱਗ ਸਕਦੇ ਹਨ। ਪਰ ਤੁਸੀਂ ਅਜੇ ਵੀ ਯਹੋਵਾਹ ਦੀ ਉਸਤਤ ਕਰ ਸਕਦੇ ਹੋ ਕਿਉਂਕਿ ਤੁਸੀਂ ਜਾਣਦੇ ਹੋ ਕਿ ਇਹ ਚੀਜ਼ਾਂ ਸਦਾ ਲਈ ਨਹੀਂ ਰਹਿਣਗੀਆਂ। ਬਾਈਬਲ ਦਾ ਪਰਮੇਸ਼ੁਰ ਉਹ ਪਰਮੇਸ਼ੁਰ ਹੈ ਜੋ ਆਸਹੀਣ ਹਾਲਾਤ ਨੂੰ ਬਦਲਦਾ ਹੈ ਅਤੇ ਉਹ ਤੁਹਾਡੇ ਲਈ ਅਜਿਹਾ ਕਰੇਗਾ। ਆਪਣੀ ਆਸ ਨੂੰ ਜੀਉਂਦਾ ਰੱਖੋ। ਆਸ ਵਿੱਚ ਵਿਸ਼ਵਾਸ ਕਰੋ।

ਇੱਕ ਗੀਤ ਹੈ ਜੋ ਅਸੀਂ ਗਾਉਂਦੇ ਸੀ। ਇਸ ਗੀਤ ਦੇ ਬੋਲ ਬਹੁਤ ਹੌਂਸਲਾ ਦੇਣ ਵਾਲੇ ਹਨ।

# ਪ੍ਰਭੂ ਦੀ ਉਸਤਤ ਕਰੋ

ਇਲੀਅਟ ਬੀ. ਬੈਨਿਸਟ ਅਤੇ ਮਾਈਕਲ ਵਿਨਸੇਂਟ ਹਡਸਨ
ਦੁਆਰਾ ਲਿਖਿਆ ਗਿਆ

### ਅੰਤਰਾ 1

ਜਦੋਂ ਤੁਸੀਂ ਸੰਘਰਸ਼ਾਂ ਦਾ ਸਾਹਮਣਾ ਕਰਦੇ ਹੋ
ਜੋ ਤੁਹਾਡੇ ਸਾਰੇ ਸੁਪਨਿਆਂ ਨੂੰ ਤੋੜ ਦੇਵੇ
ਤਾਂ ਤੁਸੀਂ ਆਸ ਨੂੰ ਨਿਕਾਸ ਕਰਦੇ ਹੋ,
ਸ਼ੈਤਾਨ ਦੇ ਦਿਖਾਈ ਦੇਣ ਵਾਲੇ ਦਾਅ ਦੁਆਰਾ
ਅਤੇ ਤੁਸੀਂ ਅੰਦਰੋਂ ਉਦਾਸ ਮਹਿਸੂਸ ਕਰ ਰਹੇ ਹੋ
ਕਿਉਂਕਿ ਤੁਸੀਂ ਸੰਸਾਰ ਦੇ ਡਰ ਦੇ ਅੱਗੇ ਝੁੱਕ ਜਾਂਦੇ ਹੋ
ਉਸ ਵਿਸ਼ਵਾਸ ਨੂੰ ਨਾ ਛੱਡੋ ਜਿਸ ਉੱਤੇ ਤੁਸੀਂ ਖੜ੍ਹੇ ਹੋ।

### ਕੋਰਸ

ਪ੍ਰਭੂ ਦੀ ਉਸਤਤ ਕਰੋ
ਉਹ ਆਪਣੇ ਪ੍ਰਸ਼ੰਸਕਾਂ ਦੁਆਰਾ ਕੰਮ ਕਰਦਾ ਹੈ
ਪ੍ਰਭੂ ਦੀ ਉਸਤਤ ਕਰਦਾ ਹੈ
ਕਿਉਂਕਿ ਉਹ ਸਾਡਾ ਪ੍ਰਭੂ ਉਸਤਤ ਚਾਹੁੰਦਾ ਹੈ
ਪ੍ਰਭੂ ਦੀ ਉਸਤਤ ਕਰੋ
ਕਿਉਂਕਿ ਉਹ ਜੰਜ਼ੀਰਾਂ ਜੋ ਤੁਹਾਨੂੰ ਬੰਨ੍ਹਦੀਆਂ ਹਨ

ਉਹ ਤੁਹਾਨੂੰ ਯਾਦ ਦਿਵਾਉਂਦੇ ਹਨ ਕਿ ਉਹ ਤੁਹਾਡੇ ਪਿੱਛੇ ਹਨ
ਜਦੋਂ ਤੁਸੀਂ ਪ੍ਰਭੂ ਦੀ ਉਸਤਤ ਕਰਦੇ ਹੋ।

**ਅੰਤਰਾ 2**

ਹੁਣ ਸ਼ੈਤਾਨ ਝੂਠਾ ਹੈ
ਅਤੇ ਉਹ ਸਾਨੂੰ ਇਹ ਸੋਚਣ ਦਿੰਦਾ ਹੈ
ਕਿ ਅਸੀਂ ਭਿਖਾਰੀ ਹਾਂ
ਜਦੋਂ ਕਿ ਉਹ ਆਪ ਜਾਣਦਾ ਹੈ
ਕਿ ਅਸੀਂ ਰਾਜੇ ਦੀ ਸੰਤਾਨ ਹਾਂ
ਇਸ ਲਈ ਵਿਸ਼ਵਾਸ ਦੀ ਢਾਲ ਲੈ ਕੇ ਖੜ੍ਹੇ ਹੋ ਜਾਓ,
ਕਿਉਂਕਿ ਲੜਾਈ ਜਿੱਤ ਲਈ ਗਈ ਹੈ
ਅਸੀਂ ਜਾਣਦੇ ਹਾਂ ਕਿ ਯਿਸੂ ਮਸੀਹ ਜੀਅ ਉੱਠਿਆ ਹੈ
ਇਸ ਲਈ ਕੰਮ ਪਹਿਲਾਂ ਹੀ ਕੀਤਾ ਗਿਆ ਹੈ।

ਸ਼ਾਇਦ ਤੁਸੀਂ ਇਸ ਕਿਤਾਬ ਨੂੰ ਪੜ੍ਹ ਰਹੇ ਹੋ ਅਤੇ ਕਹਿ ਰਹੇ ਹੋ, "ਮੈਂ ਇੱਕ ਆਸਹੀਣ ਹਾਲਾਤ ਵਿੱਚ ਹਾਂ।" ਸ਼ਾਇਦ ਇਹ ਤੁਹਾਡਾ ਵਿਆਹ ਬੱਚੇ ਘਰ ਪੈਸਾ ਨੌਕਰੀ ਜਾਂ ਵਪਾਰ ਦੇ ਹਾਲਾਤ ਹੋ ਸਕਦੇ ਹਨ—ਜੀਵਨ ਦੀ ਕੋਈ ਵੀ ਸਥਿਤੀ ਹੋ ਸਕਦੀ ਹੈ। ਅਸੀਂ ਸਾਰੇ ਇਸ ਤਰ੍ਹਾਂ ਦੇ ਹਾਲਾਤ ਦਾ ਸਾਹਮਣਾ ਕਰਦੇ ਹਾਂ। ਮੈਂ ਤੁਹਾਨੂੰ ਉਤਸ਼ਾਹਿਤ ਕਰਨਾ ਚਾਹੁੰਦਾ ਹਾਂ—**ਆਸ ਨਾ ਛੱਡੋ**। ਆਸ ਨਾ ਛੱਡਣੀ ਬਹੁਤ ਜ਼ਰੂਰੀ ਹੈ। ਜਦੋਂ ਤੁਸੀਂ ਆਸ ਛੱਡ ਦਿੰਦੇ ਹੋ, ਤਾਂ ਤੁਹਾਡਾ ਅੰਦਰਲਾ ਆਦਮੀ ਕਮਜ਼ੋਰ ਹੋ ਜਾਂਦਾ ਹੈ। ਜਦੋਂ ਤੁਸੀਂ ਆਸ ਛੱਡ ਦਿੰਦੇ ਹੋ। ਉਹ ਉਸ ਜਹਾਜ਼ ਵਾਂਗ ਬਣ ਜਾਂਦੇ ਹਨ ਜਿਸਦਾ ਲੰਗਰ ਨਹੀਂ ਹੁੰਦਾ। ਫਿਰ ਤੁਸੀਂ ਡੁੱਬਣਾ ਸ਼ੁਰੂ ਕਰ ਦਿੰਦੇ ਹੋ। ਜਦੋਂ ਤੁਸੀਂ ਆਸ ਛੱਡ ਦਿੰਦੇ ਹੋ, ਤਾਂ ਵਿਸ਼ਵਾਸ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿਉਂਕਿ ਆਸ ਤੋਂ ਬਿਨ੍ਹਾਂ ਤੁਸੀਂ ਵਿਸ਼ਵਾਸ ਨਹੀਂ ਕਰ ਸਕਦੇ।

ਪਰਮੇਸ਼ੁਰ ਅਤੇ ਉਸਦੇ ਵਚਨ ਵਿੱਚ ਆਸ ਰੱਖੋ। ਯਾਦ ਰੱਖੋ ਕਿ ਪਰਮੇਸ਼ੁਰ ਨੇ ਤੁਹਾਡੇ ਜੀਵਨ ਲਈ ਕੀ ਕਿਹਾ ਹੈ। ਤੁਹਾਡੇ ਘਰ ਅਤੇ ਵਿਆਹ ਲਈ ਪਰਮੇਸ਼ੁਰ ਦਾ ਵਾਇਦਾ ਕੀ ਹੈ? ਜੋ ਵਾਇਦੇ ਤੁਸੀਂ ਕੀਤੇ ਹਨ, ਉਨ੍ਹਾਂ ਉੱਤੇ ਡਟੇ ਰਹੋ। ਉਸਦੇ ਵਚਨ ਨੂੰ ਆਪਣੀ ਆਸ ਦਾ ਕਾਰਨ ਬਣਾਓ। ਤੁਸੀਂ ਅਜੇ ਵੀ ਆਪਣੇ ਹਲਾਤ ਬਦਲਣ ਦੀ ਆਸ ਕਰ ਸਕਦੇ ਹੋ ਕਿਉਂਕਿ ਪਰਮੇਸ਼ੁਰ ਨੇ ਅਜਿਹਾ ਕਿਹਾ ਹੈ। ਆਪਣੇ ਮਨ ਵਿੱਚ ਤਸਵੀਰ ਬਣਾਓ ਕਿ ਪਰਮੇਸ਼ੁਰ ਦਾ ਵਾਇਦਾ ਕਦੋਂ ਪੂਰਾ ਹੋਵੇਗਾ। ਇਹ ਤੁਹਾਡੀ ਆਸ ਨੂੰ ਜ਼ਿੰਦਾ ਰੱਖਣ ਵਿੱਚ ਤੁਹਾਡੀ ਮਦਦ ਕਰੇਗਾ।

ਪਰਮੇਸ਼ੁਰ *"ਹੁਣ ਉਹ ਦੀ ਜਿਹੜਾ ਅਜਿਹਾ ਸਮਰੱਥ ਹੈ ਕਿ ਜੋ ਕੁਝ ਅਸੀਂ ਮੰਗਦੇ ਜਾਂ ਸੋਚਦੇ ਹਾਂ ਉਸ ਨਾਲੋਂ ਅੱਤ ਵਧੀਕ ਕਰ ਸਕਦਾ ਹੈ ਉਸ ਸਮਰੱਥਾ ਦੇ ਅਨੁਸਾਰ ਜੋ ਸਾਡੇ ਵਿੱਚ ਪੋਹੰਦੀ ਹੈ"* (ਅਫ਼ਸੀਆਂ 3:20)।

# ਕੀ ਤੁਸੀਂ ਉਸ ਪਰਮੇਸ਼ੁਰ ਨੂੰ ਜਾਣਦੇ ਹੋ ਜਿਹੜਾ ਤੁਹਾਨੂੰ ਪਿਆਰ ਕਰਦਾ ਹੈ?

ਲੱਗਭੱਗ 2000 ਸਾਲ ਪਹਿਲਾਂ, ਪਰਮੇਸ਼ੁਰ ਮਨੁੱਖ ਦੇ ਰੂਪ ਵਿੱਚ ਇਸ ਸੰਸਾਰ ਵਿੱਚ ਆਇਆ ਸੀ। ਉਸਦਾ ਨਾਮ ਯਿਸੂ ਹੈ। ਉਹ ਪੂਰੀ ਤਰ੍ਹਾਂ ਪਾਪ ਰਹਿਤ ਜੀਵਨ ਬਤੀਤ ਕਰਦਾ ਸੀ, ਕਿਉਂਕਿ ਯਿਸੂ ਮਨੁੱਖੀ ਸਰੀਰ ਵਿੱਚ ਪਰਮੇਸ਼ੁਰ ਸੀ, ਜੋ ਉਸਨੇ ਕਿਹਾ ਅਤੇ ਕੀਤਾ ਉਸ ਦੁਆਰਾ ਸਾਡੇ ਵਿਚਕਾਰ ਪਰਮੇਸ਼ੁਰ ਨੂੰ ਪ੍ਰਗਟ ਕਰਦਾ ਸੀ। ਉਸ ਨੇ ਜੋ ਸ਼ਬਦ ਬੋਲੇ, ਉਹ ਖ਼ੁਦ ਪਰਮੇਸ਼ੁਰ ਦੇ ਸ਼ਬਦ ਸਨ। ਉਨ੍ਹਾਂ ਨੇ ਜੋ ਕੰਮ ਕੀਤਾ ਉਹ ਪਰਮੇਸ਼ੁਰ ਦਾ ਕੰਮ ਸੀ। ਯਿਸੂ ਨੇ ਇਸ ਧਰਤੀ ਉੱਤੇ ਬਹੁਤ ਸਾਰੇ ਚਮਤਕਾਰ ਕੀਤੇ। ਉਸ ਨੇ ਬਿਮਾਰਾਂ ਅਤੇ ਦੁਖੀਆਂ ਨੂੰ ਚੰਗਾ ਕੀਤਾ। ਅੰਨ੍ਹਿਆਂ ਨੂੰ ਅੱਖਾਂ ਦਿੱਤੀਆਂ, ਬੋਲਿਆਂ ਦੇ ਕੰਨ ਖੋਲ੍ਹੇ, ਲੰਗੜਿਆਂ ਨੂੰ ਚਲਾਇਆ ਅਤੇ ਹਰ ਤਰ੍ਹਾਂ ਦੀ ਬਿਮਾਰੀ ਅਤੇ ਰੋਗ ਨੂੰ ਚੰਗਾ ਕੀਤਾ। ਉਸ ਨੇ ਚਮਤਕਾਰੀ ਢੰਗ ਨਾਲ ਕਈਆਂ ਨੂੰ ਰੋਟੀਆਂ ਨਾਲ ਖੁਆਇਆ। ਤੂਫਾਨ ਨੂੰ ਸ਼ਾਂਤ ਕੀਤਾ ਅਤੇ ਹੋਰ ਬਹੁਤ ਸਾਰੇ ਅਦਭੁੱਤ ਕੰਮ ਕੀਤੇ।

**ਇਹ ਸਾਰੀਆਂ ਕਾਰਵਾਈਆਂ ਸਾਡੇ 'ਤੇ ਪ੍ਰਗਟ ਕਰਦੀਆਂ ਹਨ ਕਿ ਪਰਮੇਸ਼ੁਰ ਇੱਕ ਚੰਗਾ ਪਰਮੇਸ਼ੁਰ ਹੈ ਜੋ ਚਾਹੁੰਦਾ ਹੈ ਕਿ ਇਨਸਾਨ ਚੰਗੇ, ਸਿਹਤਮੰਦ ਅਤੇ ਖੁਸ਼ ਰਹਿਣ। ਪਰਮੇਸ਼ੁਰ ਮਨੁੱਖ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨਾ ਚਾਹੁੰਦਾ ਹੈ।**

ਪਰਮੇਸ਼ੁਰ ਨੇ ਮਨੁੱਖ ਦੇ ਰੂਪ ਵਿੱਚ ਇਸ ਧਰਤੀ ਉੱਤੇ ਆਉਣ ਦਾ ਫੈਸਲਾ ਕਿਉਂ ਕੀਤਾ? ਯਿਸੂ ਇਸ ਸੰਸਾਰ ਵਿੱਚ ਕਿਉਂ ਆਇਆ?

ਅਸੀਂ ਸਾਰਿਆਂ ਨੇ ਪਾਪ ਕੀਤਾ ਹੈ ਅਤੇ ਉਹ ਕੰਮ ਕੀਤੇ ਹਨ ਜਿਹੜੇ ਉਸ ਪਰਮੇਸ਼ੁਰ ਦੇ ਅੱਗੇ ਮਨਜ਼ੂਰ ਨਹੀਂ ਹਨ ਜਿਸਨੇ ਸਾਨੂੰ ਬਣਾਇਆ ਹੈ। ਪਾਪ ਦੇ ਨਤੀਜੇ ਹਨ, ਪਾਪ ਪਰਮੇਸ਼ੁਰ ਅਤੇ ਸਾਡੇ ਵਿਚਕਾਰ ਇੱਕ ਵੱਡੀ ਕੰਧ ਖੜ੍ਹੀ ਕਰਦਾ ਹੈ। ਪਾਪ ਸਾਨੂੰ ਪਰਮੇਸ਼ੁਰ ਤੋਂ ਵੱਖ ਕਰਦਾ ਹੈ। ਇਹ ਸਾਨੂੰ ਉਸ ਨੂੰ ਜਾਣਨ ਅਤੇ ਉਸ ਨਾਲ ਇੱਕ ਅਰਥਪੂਰਨ ਰਿਸ਼ਤਾ ਰੱਖਣ ਤੋਂ ਰੋਕਦਾ ਹੈ ਜਿਸਨੇ ਸਾਨੂੰ ਬਣਾਇਆ ਹੈ। ਇਸ ਲਈ, ਸਾਡੇ ਵਿੱਚੋਂ ਬਹੁਤ ਸਾਰੇ ਇਸ ਖਾਲੀ ਥਾਂ ਨੂੰ ਹੋਰ ਚੀਜ਼ਾਂ ਨਾਲ ਭਰਨਾ ਚਾਹੁੰਦੇ ਹਨ।

ਸਾਡੇ ਪਾਪ ਦਾ ਇੱਕ ਹੋਰ ਨਤੀਜਾ ਇਹ ਹੈ ਕਿ ਅਸੀਂ ਹਮੇਸ਼ਾਂ ਲਈ ਪਰਮੇਸ਼ੁਰ ਤੋਂ ਵੱਖ ਹੋ ਗਏ ਹਾਂ। ਪਰਮੇਸ਼ੁਰ ਦੀ ਅਦਾਲਤ ਵਿੱਚ, ਪਾਪ ਦੀ ਸਜ਼ਾ ਮੌਤ ਹੈ। ਮੌਤ ਪਰਮੇਸ਼ੁਰ ਤੋਂ ਸਦੀਪਕ ਵਿਛੋੜਾ ਹੈ ਜੋ ਸਾਨੂੰ ਨਰਕ ਵਿੱਚ ਬਿਤਾਉਣਾ ਪਏਗਾ।

ਪਰ ਚੰਗੀ ਖ਼ਬਰ ਇਹ ਹੈ ਕਿ ਅਸੀਂ ਪਾਪ ਤੋਂ ਮੁਕਤ ਹੋ ਸਕਦੇ ਹਾਂ ਅਤੇ ਪਰਮੇਸ਼ੁਰ ਨਾਲ ਰਿਸ਼ਤਾ ਜੋੜ ਸਕਦੇ ਹਾਂ। ਬਾਈਬਲ ਕਹਿੰਦੀ ਹੈ, ***"ਪਾਪ ਦੀ ਮਜ਼ੂਰੀ ਤਾਂ ਮੌਤ ਹੈ ਪਰ ਪਰਮੇਸ਼ੁਰ ਦੀ ਬਖ਼ਸ਼ੀਸ਼ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ ਸਦੀਪਕ ਜੀਵਨ ਹੈ"*** **(ਰੋਮੀਆਂ 6:23)**। ਯਿਸੂ ਨੇ ਸਾਰੀ ਦੁਨੀਆਂ ਦੇ ਪਾਪਾਂ ਦੀ ਕੀਮਤ ਅਦਾ ਕੀਤੀ ਜਦੋਂ ਉਹ ਸਲੀਬ ਉੱਤੇ ਮਰਿਆ। ਫਿਰ, ਤੀਜੇ ਦਿਨ ਉਹ ਜੀਉਂਦਾ ਹੋ ਗਿਆ ਅਤੇ

ਆਪਣੇ ਆਪ ਨੂੰ ਬਹੁਤਿਆਂ ਨੂੰ ਜੀਉਂਦਾ ਦਿਖਾਇਆ ਅਤੇ ਫਿਰ ਸਵਰਗ ਨੂੰ ਵਾਪਿਸ ਚਲਾ ਗਿਆ।

ਪਰਮੇਸ਼ੁਰ ਪਿਆਰ ਅਤੇ ਦਇਆ ਦਾ ਪਰਮੇਸ਼ੁਰ ਹੈ। ਉਹ ਨਹੀਂ ਚਾਹੁੰਦਾ ਕਿ ਕੋਈ ਵੀ ਨਰਕ ਵਿੱਚ ਨਾਸ਼ ਹੋਵੇ। ਇਸ ਲਈ, ਉਹ ਸਾਰੀ ਮਨੁੱਖਜਾਤੀ ਨੂੰ ਪਾਪ ਅਤੇ ਇਸ ਦੇ ਸਦੀਪਕ ਨਤੀਜਿਆਂ ਤੋਂ ਛੁਡਾਉਣ ਲਈ ਆਇਆ ਸੀ। ਉਹ ਪਾਪੀਆਂ ਨੂੰ ਬਚਾਉਣ ਲਈ ਆਇਆ ਸੀ—ਤੁਹਾਡੇ ਅਤੇ ਮੇਰੇ ਵਰਗੇ ਲੋਕਾਂ ਨੂੰ ਪਾਪ ਅਤੇ ਸਦੀਪਕ ਮੌਤ ਤੋਂ ਬਚਾਉਣ ਲਈ ਆਇਆ ਸੀ।

ਪਾਪ ਦੀ ਮੁਫ਼ਤ ਮਾਫ਼ੀ ਪ੍ਰਾਪਤ ਕਰਨ ਲਈ, ਬਾਈਬਲ ਸਾਨੂੰ ਦੱਸਦੀ ਹੈ ਕਿ ਸਾਨੂੰ ਸਿਰਫ਼ ਉਹੀ ਕਰਨਾ ਹੈ—ਜੋ ਉਸਨੇ ਸਲੀਬ ਉੱਤੇ ਕੀਤਾ ਸੀ ਅਤੇ ਉਸ ਵਿੱਚ ਆਪਣੇ ਸਾਰੇ ਦਿਲਾਂ ਨਾਲ ਵਿਸ਼ਵਾਸ ਕਰਨਾ ਹੈ।

***"... ਕਿ ਜੋ ਕੋਈ ਉਹ ਦੇ ਉੱਤੇ ਨਿਹਚਾ ਕਰੇ ਸੋ ਉਹ ਦੇ ਨਾਮ ਕਰਕੇ ਪਾਪਾਂ ਦੀ ਮਾਫ਼ੀ ਪਾਵੇਗਾ"*** **(ਰਸੂਲਾਂ ਦੇ ਕਰਤੱਬ 10:43)।**

***"ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ"*** **(ਰੋਮੀਆਂ 10:9)।**

ਜੇਕਰ ਤੁਸੀਂ ਪ੍ਰਭੂ ਮਸੀਹ ਵਿੱਚ ਵਿਸ਼ਵਾਸ ਕਰਦੇ ਹੋ ਤਾਂ ਤੁਸੀਂ ਵੀ ਆਪਣੇ ਪਾਪਾਂ ਤੋਂ ਮਾਫ਼ੀ ਅਤੇ ਛੁਟਕਾਰਾ ਪਾ ਸਕਦੇ ਹੋ।

ਇਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰਨ ਅਤੇ ਸਲੀਬ ਦੇ ਕੰਮ ਵਿੱਚ ਵਿਸ਼ਵਾਸ ਕਰਨ ਲਈ ਹੇਠਾਂ ਦਿੱਤੀ ਇੱਕ ਸਧਾਰਨ ਪ੍ਰਾਰਥਨਾ ਹੈ, ਜੋ ਪ੍ਰਭੂ ਯਿਸੂ ਮਸੀਹ ਨੇ ਤੁਹਾਡੇ ਲਈ ਕੀਤੀ ਸੀ। ਇਹ ਪ੍ਰਾਰਥਨਾ ਯਿਸੂ ਦੇ ਕੰਮ ਨੂੰ ਸਵੀਕਾਰ ਕਰਕੇ ਤੁਹਾਡੇ ਪਾਪਾਂ ਦੀ ਮਾਫ਼ੀ ਅਤੇ ਮੁਕਤੀ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰੇਗੀ। ਇਹ ਪ੍ਰਾਰਥਨਾ ਸਿਰਫ਼ ਇੱਕ ਅਗਵਾਈ ਹੈ। ਤੁਸੀਂ ਆਪਣੇ ਸ਼ਬਦਾਂ ਵਿੱਚ ਵੀ ਪ੍ਰਾਰਥਨਾ ਕਰ ਸਕਦੇ ਹੋ।

*ਪਿਆਰੇ ਪ੍ਰਭੂ ਯਿਸੂ, ਅੱਜ, ਮੈਂ ਸਮਝ ਗਿਆ ਹਾਂ ਕਿ ਤੁਸੀਂ ਸਲੀਬ ਉੱਤੇ ਮੇਰੇ ਲਈ ਕੀ ਕੀਤਾ ਸੀ। ਤੁਸੀਂ ਮੇਰੇ ਲਈ ਮਾਰੇ ਗਏ, ਤੁਸੀਂ ਆਪਣਾ ਕੀਮਤੀ ਖ਼ੂਨ ਵਹਾਇਆ ਅਤੇ ਮੇਰੇ ਪਾਪਾਂ ਦੀ ਕੀਮਤ ਅਦਾ ਕੀਤੀ ਤਾਂ ਜੋ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਮਿਲ ਸਕੇ। ਬਾਈਬਲ ਮੈਨੂੰ ਦੱਸਦੀ ਹੈ ਕਿ ਜੋ ਕੋਈ ਵੀ ਤੁਹਾਡੇ ਵਿੱਚ ਵਿਸ਼ਵਾਸ ਕਰਦਾ ਹੈ ਉਸਦੇ ਲਈ ਪਾਪਾਂ ਦੀ ਮਾਫ਼ੀ ਹੈ।*

*ਅੱਜ, ਮੈਂ ਤੁਹਾਡੇ ਵਿੱਚ ਵਿਸ਼ਵਾਸ ਕਰਨ ਦਾ ਫੈਸਲਾ ਕਰਦਾ ਹਾਂ ਅਤੇ ਜੋ ਤੁਸੀਂ ਮੇਰੇ ਲਈ ਕੀਤਾ ਹੈ ਉਸਨੂੰ ਕਬੂਲ ਕਰਨ ਦਾ ਫੈਸਲਾ ਕਰਦਾ ਹਾਂ, ਕਿ ਤੁਸੀਂ ਸਲੀਬ ਉੱਤੇ ਮਰ ਗਏ ਅਤੇ ਦੁਬਾਰਾ ਜੀਅ ਉੱਠੇ। ਮੈਂ ਜਾਣਦਾ ਹਾਂ ਕਿ ਮੈਂ ਚੰਗੇ ਕੰਮਾਂ ਦੁਆਰਾ*

*ਆਪਣੇ ਆਪ ਨੂੰ ਨਹੀਂ ਬਚਾਅ ਸਕਦਾ। ਮੈਂ ਆਪਣੇ ਗ਼ੁਨਾਹਾਂ ਦੀ ਮਾਫ਼ੀ ਨਹੀਂ ਕਮਾ ਸਕਦਾ।*

*ਅੱਜ, ਮੈਂ ਆਪਣੇ ਦਿਲ ਵਿੱਚ ਵਿਸ਼ਵਾਸ ਕਰਦਾ ਹਾਂ ਅਤੇ ਆਪਣੇ ਮੂੰਹ ਨਾਲ ਕਹਿੰਦਾ ਹਾਂ ਕਿ ਤੁਸੀਂ ਮੇਰੇ ਲਈ ਮਾਰੇ ਗਏ ਹੋ। ਤੁਸੀਂ ਮੇਰੇ ਪਾਪਾਂ ਦੀ ਸਜ਼ਾ ਦਾ ਭੁਗਤਾਨ ਕੀਤਾ ਹੈ। ਤੁਸੀਂ ਮੁਰਦਿਆਂ ਵਿੱਚੋਂ ਜੀਅ ਉੱਠੇ ਹੋ ਅਤੇ ਤੁਹਾਡੇ ਵਿੱਚ ਵਿਸ਼ਵਾਸ ਕਰਕੇ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਅਤੇ ਪਾਪਾਂ ਤੋਂ ਛੁਟਕਾਰਾ ਮਿਲਦਾ ਹੈ।*

*ਪ੍ਰਭੂ ਯਿਸੂ ਤੁਹਾਡਾ ਧੰਨਵਾਦ। ਮੇਰੀ ਮਦਦ ਕਰੋ ਕਿ ਮੈਂ ਤੁਹਾਨੂੰ ਪਿਆਰ ਕਰ ਸਕਾਂ। ਤੁਹਾਨੂੰ ਹੋਰ ਜਾਣ ਸਕਾਂ ਅਤੇ ਤੁਹਾਡੇ ਪ੍ਰਤੀ ਵਿਸ਼ਵਾਸਯੋਗ ਰਹਾਂ। ਆਮੀਨ।*

# ਆਲ ਪੀਪਲਜ਼ ਚਰਚ ਦੇ ਬਾਰੇ

ਆਲ ਪੀਪਲਜ਼ ਚਰਚ ਦਾ ਦਰਸ਼ਨ ਬੈਂਗਲੋਰ ਸ਼ਹਿਰ ਵਿੱਚ ਲੂਣ ਅਤੇ ਚਾਨਣ ਬਣਨਾ, ਅਤੇ ਪੂਰੇ ਦੇਸ਼ ਅਤੇ ਸੰਸਾਰ ਦੇ ਰਾਸ਼ਟਰਾਂ ਦੇ ਲਈ ਇੱਕ ਅਵਾਜ਼ ਬਣਨਾ ਹੈ।

ਆਲ ਪੀਪਲਜ਼ ਚਰਚ **ਯਿਸੂ ਨੂੰ ਪਿਆਰ ਕਰਨ ਵਾਲੀ, ਵਚਨ 'ਤੇ ਕੇਂਦਰਿਤ**, **ਆਤਮਾ ਨਾਲ ਭਰਪੂਰ**, ਪਰਿਵਾਰਿਕ ਚਰਚ, ਸਿਖਲਾਈ ਕੇਂਦਰ, ਇੱਕ ਉਦੇਸ਼ਾਂ 'ਤੇ ਅਧਾਰਿਤ ਅਤੇ ਸੰਸਾਰ ਵਿੱਚ ਪ੍ਰਚਾਰ ਕਰਨ ਵਾਲੀ ਕਲੀਸਿਆ ਹੈ।

- ਇੱਕ **ਪਰਿਵਾਰਿਕ ਕਲੀਸਿਆ** ਦੇ ਤੌਰ 'ਤੇ, ਅਸੀਂ ਮਸੀਹ 'ਤੇ ਕੇਂਦਰਿਤ, ਸਮਾਜ ਦੀ ਸੇਵਾ ਕਰਨ ਅਤੇ ਧਿਆਨ ਰੱਖਣ ਵਾਲੇ ਪਰਮੇਸ਼ੁਰ ਦੇ ਝੁੰਡ ਦੇ ਰੂਪ ਵਿੱਚ ਮਿਲ ਕੇ ਵੱਧ ਰਹੇ ਹਾਂ।
- ਇੱਕ **ਸਿਖਲਾਈ ਕੇਂਦਰ** ਦੇ ਤੌਰ 'ਤੇ, ਅਸੀਂ ਹਰੇਕ ਵਿਸ਼ਵਾਸੀ ਨੂੰ ਜੇਤੂ, ਮਸੀਹ ਦੀ ਸਮਾਨਤਾ ਵਿੱਚ ਸਿਆਣੇ ਅਤੇ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੇ ਮਕਸੱਦ ਨੂੰ ਪੂਰਾ ਕਰਨ ਦੇ ਸਮਰੱਥ ਅਤੇ ਯੋਗ ਬਣਾਉਂਦੇ ਹਾਂ।
- ਇੱਕ **ਮਿਸ਼ਨ ਅਧਾਰ** ਦੇ ਤੌਰ 'ਤੇ, ਅਸੀਂ ਸਾਡੇ ਸ਼ਹਿਰ, ਦੇਸ਼ ਅਤੇ ਵਿਦੇਸ਼ਾਂ ਨੂੰ ਪਰਮੇਸ਼ੁਰ ਦੇ ਵਚਨ ਅਤੇ ਪਵਿੱਤਰ ਆਤਮਾ ਦੇ ਅਲੌਕਿਕ ਪ੍ਰਗਟੀਕਰਣ ਦੀ ਸ਼ਕਤੀ ਦੁਆਰਾ ਮਸੀਹ ਦੀ ਪੂਰਨ ਖ਼ੁਸ਼ਖਬਰੀ ਨਾਲ ਬਰਕਤ ਦੇਣ ਦਾ ਕੰਮ ਕਰਦੇ ਹਾਂ।
- ਇੱਕ **ਵਰਲਡ ਆਊਟਰਿਚ** ਦੇ ਤੌਰ 'ਤੇ, ਅਸੀਂ ਸਥਾਨਕ ਅਤੇ ਵਿਸ਼ਵ-ਪੱਧਰ 'ਤੇ ਖਰ੍ਹੇ ਆਗੂਆਂ ਅਤੇ ਆਤਮਾ ਨਾਲ ਭਰਪੂਰ ਕਲੀਸਿਆਵਾਂ ਨੂੰ ਪੋਸ਼ਣ ਦੇਣ ਦੀ ਸੇਵਾ ਕਰਦੇ ਹਾਂ ਜੋ ਕਿ ਪਰਮੇਸ਼ੁਰ ਦੇ ਰਾਜ ਲਈ ਆਪਣੇ ਇਲਾਕਿਆਂ 'ਤੇ ਪ੍ਰਭਾਵਸ਼ਾਲੀ ਹੋ ਸਕਣ।

ਏ ਪੀ ਸੀ ਵਿੱਚ, ਅਸੀਂ ਪਰਮੇਸ਼ੁਰ ਦਾ ਵਚਨ ਬਿਨ੍ਹਾਂ ਕਿਸੇ ਸਮਝੌਤੇ ਦੇ, ਪਵਿੱਤਰ ਆਤਮਾ ਦੇ ਮਸਹ ਅਤੇ ਪ੍ਰਕਾਸ਼ ਦੇ ਨਾਲ ਪੇਸ਼ ਕਰਨ ਲਈ ਸਮਰਪਿਤ ਹਾਂ। ਸਾਡਾ ਵਿਸ਼ਵਾਸ ਹੈ ਕਿ ਚੰਗਾ ਸੰਗੀਤ, ਰਚਨਾਤਮਕ ਪੇਸ਼ਗੀ, ਅਕਲਮੰਦੀ ਨਾਲ ਪੱਖ ਸਮਰਥਨ, ਸਮਕਾਲੀ ਸੇਵਕਾਈਆਂ ਦੀਆਂ ਤਕਨੀਕਾਂ, ਆਧੁਨਿਕ ਟੈਕਨਾਲੋਜੀ ਆਦਿ ਪਵਿੱਤਰ ਆਤਮਾ ਦੇ ਚਿੰਨ੍ਹਾਂ, ਚਮਤਕਾਰਾਂ, ਅਦਭੁੱਤ ਕੰਮਾਂ ਅਤੇ ਪਵਿੱਤਰ ਆਤਮਾ ਦੇ ਵਰਦਾਨਾਂ ਨਾਲ ਵਚਨ ਦੀ ਮੁਨਾਦੀ ਕਰਨ ਵਾਲੇ ਪਰਮੇਸ਼ੁਰ ਦੁਆਰਾ ਨਿਯੁਕਤ ਕੀਤੇ ਗਏ ਤਰੀਕੇ ਦਾ ਥਾਂ ਨਹੀਂ ਲੈ ਸਕਦੇ (1 ਕੁਰਿੰਥੀਆਂ 2:4,5; ਇਬਰਾਨੀਆਂ 2:3,4)। ਸਾਡਾ ਵਿਸ਼ਾ ਯਿਸੂ ਹੈ, ਸਾਡੇ ਵਿਸ਼ੇ ਦਾ ਉਦੇਸ਼ ਵਚਨ ਹੈ, ਸਾਡਾ ਤਰੀਕਾ ਪਵਿੱਤਰ ਆਤਮਾ ਦੀ ਸਮਰੱਥਾ ਹੈ, ਸਾਡਾ ਜਨੂੰਨ ਲੋਕ ਹਨ ਅਤੇ ਸਾਡਾ ਮਕਸੱਦ ਮਸੀਹ ਦੇ ਸਰੂਪ ਵਿੱਚ ਸਿੱਧ ਬਣਨਾ ਹੈ।

ਸਾਡਾ ਮੁੱਖ ਦਫ਼ਤਰ ਬੈਂਗਲੋਰ ਵਿਖੇ ਹੈ, ਪਰ ਆਲ ਪੀਪਲਜ਼ ਚਰਚ ਦੀਆਂ ਭਾਰਤ ਵਿੱਚ ਹੋਰ ਕਈ ਥਾਵਾਂ 'ਤੇ ਸ਼ਾਖਾਵਾਂ ਹਨ। ਆਲ ਪੀਪਲਜ਼ ਚਰਚ ਦੀ ਵਰਤਮਾਨ ਸੂਚੀ ਅਤੇ ਸੰਪਰਕ ਸੂਚਨਾ ਦੇ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ **apcwo.org/locations** ਜਾਂ ਸਾਨੂੰ **contact@apcwo.org** 'ਤੇ ਈ-ਮੇਲ ਭੇਜੋ।

# ਮੁਫ਼ਤ ਪ੍ਰਕਾਸ਼ਨ

A Church in Revival
A Real Place Called Heaven
A Time for Every Purpose
Ancient Landmarks
Baptism in the Holy Spirit
Being Spiritually Minded and Earthly Wise
Biblical Attitude Towards Work
Breaking Personal and Generational Bondages Change
Code of Honor
Divine Favor
Divine Order in the Citywide Church
Don't Compromise Your Calling
Don't Lose Hope
Equipping the Saints
Foundations (Track 1)
Fulfilling God's Purpose for Your Life
Gifts of the Holy Spirit
Giving Birth to the Purposes of God
God Is a Good God
God's Word—The Miracle Seed
How to Help Your Pastor
Integrity
Kingdom Builders
Laying the Axe to the Root
Living Life Without Strife
Marriage and Family
Ministering Healing and Deliverance
Offenses—Don't Take Them
Open Heavens
Our Redemption
Receiving God's Guidance
Revivals, Visitations and Moves of God
Shhh! No Gossip!
Speak Your Faith
The Conquest of the Mind
The Father's Love
The House of God
The Kingdom of God
The Mighty Name of Jesus
The Night Seasons of Life
The Power of Commitment
The Presence of God
The Redemptive Heart of God
The Refiner's Fire
The Spirit of Wisdom, Revelation and Power
The Wonderful Benefits of Speaking in Tongues
Timeless Principles for the Workplace
Understanding the Prophetic
Water Baptism
We Are Different
Who We Are in Christ
Women in the Workplace
Work Its Original Design

ਸਾਡੀਆਂ ਨਵੀਆਂ ਪੁਸਤਕਾਂ ਲਗਾਤਾਰ ਜਾਰੀ ਹੁੰਦੀਆਂ ਰਹਿੰਦੀਆਂ ਹਨ। ਪੁਸਤਕਾਂ ਨੂੰ ਪੀ ਡੀ ਐੱਫ ਆਡੀਓ ਅਤੇ ਦੂਸਰੇ ਫਾਰਮੈਟਾਂ ਵਿੱਚ ਮੁਫ਼ਤ ਪ੍ਰਾਪਤ ਕਰਨ ਦੇ ਲਈ ਸਾਡੀ ਵੈੱਬਸਾਈਟ **apcwo.org/books** ਤੋਂ ਡਾਊਨਲੋਡ ਕਰੋ। ਇਹ ਸਾਰੀਆਂ ਕਿਤਾਬਾਂ ਹੋਰ ਭਾਸ਼ਾਵਾਂ ਵਿੱਚ ਵੀ ਉਪਲੱਬਧ ਹਨ। ਮੁਫ਼ਤ ਆਡੀਓ ਅਤੇ ਵੀਡੀਓ ਪ੍ਰਚਾਰ, ਪ੍ਰਚਾਰ ਦੀਆਂ ਟਿੱਪਣੀਆਂ ਅਤੇ ਹੋਰ ਵਾਧੂ ਸਾਧਨਾਂ ਨੂੰ ਪ੍ਰਾਪਤ ਕਰਨ ਦੇ ਲਈ ਤੁਸੀਂ **apcwo.org/sermons** ਤੋਂ ਡਾਊਨਲੋਡ ਕਰ ਸਕਦੇ ਹੋ।

# ਕ੍ਰਿਸਲਿਸ ਕਾਊਂਸਲਿੰਗ

ਕ੍ਰਿਸਲਿਸ ਕਾਊਂਸਲਿੰਗ ਵਿਅਕਤੀਗਤ ਤੌਰ 'ਤੇ ਸਲਾਹ ਮਸ਼ਵਰਾ ਦੇ ਕੇ ਲੋਕਾਂ ਦੀ ਮਦਦ ਕਰਦੀ ਹੈ ਤਾਂ ਕਿ ਉਹ ਆਪਣੀ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਉਨ੍ਹਾਂ ਉੱਪਰ ਜਿੱਤ ਪ੍ਰਾਪਤ ਕਰਨ। ਕ੍ਰਿਸਲਿਸ ਕਾਊਂਸਲਿੰਗ ਪੇਸ਼ੇਵਰ ਸਿਖਲਾਈ ਪਾਏ ਅਤੇ ਤਜ਼ਰਬੇਕਾਰ ਸਲਾਹਕਾਰਾਂ ਦੀ ਇੱਕ ਟੀਮ ਹੈ।

ਸਾਡੀਆਂ ਸੇਵਾਵਾਂ ਹਰ ਉਮਰ ਦੇ ਲੋਕਾਂ ਦੀਆਂ ਜ਼ਿੰਦਗੀਆਂ ਦੀਆਂ ਸਭ ਤਰ੍ਹਾਂ ਦੀਆਂ ਚੁਣੌਤੀਆਂ ਦਾ ਹੱਲ ਕਰਨ ਬਾਰੇ ਹਨ।

**ਕਿਸ਼ੋਰਾਂ ਲਈ**
**ਵਿਅਕਤੀਗਤ ਤਬਦੀਲੀਆਂ**
**ਰਿਸ਼ਤਿਆਂ ਦੀਆਂ ਚੁਣੌਤੀਆਂ**
**ਵਿੱਦਿਅਕ ਘੱਟ ਪ੍ਰਾਪਤੀਆਂ**
**ਕੰਮਕਾਜੀ ਮੁੱਦੇ**
**ਪਰਿਵਾਰ/ਪਤੀ-ਪਤਨੀ: ਵਿਆਹ ਤੋਂ ਪਹਿਲਾਂ, ਵਿਆਹੁਤਾ**
**ਮਾਪੇ/ਬੱਚੇ/ ਭੈਣ-ਭਰਾ/ਹਾਣੀ**

**ਵਿਹਾਰ ਵਿੱਚ ਗੜਬੜੀਆਂ**
**ਸ਼ਖਸੀਅਤ ਸੰਬੰਧੀ ਗੜਬੜੀਆਂ**
**ਮਨੋਵਿਗਿਆਨਿਕ/ਭਾਵਨਾਤਮਕ ਸਮੱਸਿਆਵਾਂ**
**ਤਨਾਅ/ਸਦਮਾ**
**ਸ਼ਰਾਬਖੋਰੀ/ਨਸ਼ਾਖੋਰੀ**
**ਆਤਮਿਕ ਮੁੱਦੇ**
**ਜੀਵਨ ਸਿਖਲਾਈ**

ਕ੍ਰਿਸਲਿਸ ਕਾਊਂਸਲਿੰਗ ਦੀਆਂ ਸੇਵਾਵਾਂ ਪਹੁੰਚ ਯੋਗ ਅਤੇ ਕਿਫ਼ਾਇਤੀ ਹਨ।

ਸਾਡੇ ਤਜ਼ਰਬੇਕਾਰਾਂ ਨਾਲ ਮਿਲਣ ਦੀ ਸਾਰਨੀ ਲੈਣ ਲਈ:

**ਵੈੱਬਸਾਈਟ: chrysalislife.org**
**ਫੋਨ:** +91-80-25452617 ਜਾਂ (ਭਾਰਤ ਵਿੱਚ) ਟੋਲ-ਫ੍ਰੀ 1-800-300-00998
**ਈ-ਮੇਲ: counselor@chrysalislife.org**

ਕ੍ਰਿਸਲਿਸ ਕਾਊਂਸਲਿੰਗ ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰਿਚ ਦੀ ਇੱਕ ਸੇਵਕਾਈ ਹੈ।

# ਆਲ ਪੀਪਲਜ਼ ਚਰਚ ਨਾਲ ਸਾਂਝੇਦਾਰੀ ਕਰੋ

ਆਲ ਪੀਪਲਜ਼ ਚਰਚ ਸਥਾਨਕ ਕਲੀਸਿਆ ਦੇ ਰੂਪ ਵਿੱਚ ਪੂਰੇ ਭਾਰਤ ਵਿੱਚ ਖ਼ੁਸ਼ਖਬਰੀ ਦਾ ਪ੍ਰਚਾਰ ਕਰਦੇ ਹੋਏ, ਖ਼ਾਸ ਕਰਕੇ ਉੱਤਰੀ ਭਾਰਤ ਵਿੱਚ, ਉਸ ਦੀਆਂ ਹੱਦਾਂ ਤੋਂ ਬਾਹਰ ਸੇਵਾ ਕਰਦੀ ਹੈ। ਉਸਦਾ ਖਾਸ ਉਦੇਸ਼ (ੳ) ਆਗੂਆਂ ਨੂੰ ਦ੍ਰਿੜ੍ਹ ਕਰਨਾ (ਅ) ਜਵਾਨਾਂ ਨੂੰ ਸੇਵਕਾਈ ਲਈ ਉਤਸ਼ਾਹਿਤ ਕਰਨਾ (ੲ) ਮਸੀਹ ਦੀ ਦੇਹ ਦੀ ਉੱਨਤੀ ਕਰਨਾ ਹੈ। ਜਵਾਨਾਂ ਲਈ ਕਈ ਸਿੱਖਿਆ ਸੰਮੇਲਨ, ਮਸੀਹੀ ਆਗੂਆਂ ਲਈ ਸਭਾਵਾਂ ਦਾ ਸਾਲ ਭਰ ਆਯੋਜਨ ਕੀਤਾ ਜਾਂਦਾ ਹੈ। ਇਸਦੇ ਦੌਰਾਨ ਕਿਤਾਬਾਂ ਦੀਆਂ ਕਈ ਹਜ਼ਾਰ ਕਾਪੀਆਂ ਅੰਗਰੇਜ਼ੀ ਵਿੱਚ ਅਤੇ ਹੋਰ ਕਈ ਭਾਰਤੀ ਭਾਸ਼ਾਵਾਂ ਵਿੱਚ ਬਿਨ੍ਹਾਂ ਕਿਸੇ ਮੁੱਲ ਦੇ ਵੰਡੀਆਂ ਜਾਂਦੀਆਂ ਹਨ, ਉਸ ਦੇ ਪਿੱਛੇ ਇਹ ਉਦੇਸ਼ ਹੈ ਕਿ ਵਿਸ਼ਵਾਸੀਆਂ ਨੂੰ ਵਚਨ ਅਤੇ ਆਤਮਾ ਵਿੱਚ ਤਰੱਕੀ ਪ੍ਰਦਾਨ ਕਰੇ।

ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਇੱਕ ਸਮੇਂ ਦਾ ਦਾਨ ਭੇਜ ਕੇ ਜਾਂ ਮਹੀਨਾਵਾਰ ਆਰਥਿਕ ਦਾਨ ਭੇਜ ਕੇ ਆਰਥਿਕ ਰੂਪ ਵਿੱਚ ਸਾਡੇ ਨਾਲ ਸਾਂਝੇਦਾਰੀ ਕਰੋ। ਪੂਰੇ ਰਾਸ਼ਟਰ ਵਿੱਚ ਇਸ ਕੰਮ ਲਈ ਜੋ ਵੀ ਰਕਮ ਤੁਸੀਂ ਭੇਜ ਸਕਦੇ ਹੋ, ਉਸਦੇ ਪ੍ਰਤੀ ਅਸੀਂ ਤੁਹਾਡੇ ਧੰਨਵਾਦੀ ਰਹਾਂਗੇ।

ਤੁਸੀਂ ਆਪਣੇ ਦਾਨ ਚੈੱਕ / ਬੈਂਕ ਡ੍ਰਾਫਟ ਦੇ ਮਾਧਿਅਮ ਨਾਲ "ਆਲ ਪੀਪਲਜ਼ ਚਰਚ" ਦੇ ਨਾਮ ਉੱਤੇ ਸਾਡੇ ਦਫ਼ਤਰ ਦੇ ਪਤੇ ਉੱਤੇ ਭੇਜ ਸਕਦੇ ਹੋ ਜਾਂ ਸਾਡੇ ਬੈਂਕ ਖਾਤੇ ਦੇ ਵੇਰਵੇ ਦੀ ਵਰਤੋਂ ਕਰਕੇ ਤੁਸੀਂ ਆਪਣਾ ਯੋਗਦਾਨ ਸਿੱਧਾ ਬੈਂਕ ਵਿੱਚ ਪਾ ਸਕਦੇ ਹੋ।

**Account Name:** All People Church
**Account Number:** 50200068829058
**IFSC Code:** HDFC0004367
**Bank:** HDFC Bank, 7M/308 80 Ft Rd, HRBR Layout, Kalyan Nagar, Bengaluru, 560043, Karnataka, India

**ਕਿਰਪਾ ਕਰਕੇ ਧਿਆਨ ਦਿਓ:** *ਆਲ ਪੀਪਲਜ਼ ਚਰਚ ਸਿਰਫ਼ ਭਾਰਤੀ ਨਾਗਰਿਕਾਂ ਦੇ ਬੈਂਕ ਯੋਗਦਾਨ ਸਵੀਕਾਰ ਕਰਦੀ ਹੈ। ਆਪਣਾ ਯੋਗਦਾਨ ਭੇਜਦੇ ਸਮੇਂ, ਤੁਸੀਂ ਸਪੱਸ਼ਟ ਰੂਪ ਨਾਲ ਲਿਖੋ ਕਿ ਤੁਸੀਂ ਏ ਪੀ ਸੀ ਸੇਵਕਾਈ ਦੇ ਕਿਸ ਖੇਤਰ ਲਈ ਦਾਨ ਭੇਜਣਾ ਚਾਹੁੰਦੇ ਹੋ। ਹੋਰ ਜਾਣਕਾਰੀ ਲਈ ਕਿਰਪਾ ਕਰਕੇ* **apcwo.org/give** *'ਤੇ ਆਓ।*

ਇਸੇ ਤਰ੍ਹਾਂ, ਸਾਡੇ ਲਈ ਅਤੇ ਸਾਡੀ ਸੇਵਕਾਈ ਲਈ ਜਦੋਂ ਵੀ ਹੋ ਸਕੇ ਪ੍ਰਾਰਥਨਾ ਕਰਨਾ ਨਾ ਭੁੱਲੋ। **ਧੰਨਵਾਦ, ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ!**

## DOWNLOAD THE FREE APP!

*Search for*

"All Peoples Church Bangalore"
in the App or Google play stores.

Available on the App Store

ANDROID APP ON Google play




*A daily 5-minute video devotional.*
*A daily Bible reading and prayer guide.*
*5-minute Sermon summary.*
*Toolkit with Scriptures on various topics to build faith and information to share the Gospel.*
*Resources with sermons, sermon notes, TV programs, books, music and more.*

*IF YOU LOVE IT, TELL OTHERS ABOUT IT!*

# ਆਲ ਪੀਪਲਜ਼ ਚਰਚ ਬਾਈਬਲ ਕਾਲਜ

apcbiblecollege.org

ਆਲ ਪੀਪਲਜ਼ ਚਰਚ ਬਾਈਬਲ ਕਾਲਜ ਅਤੇ ਸਿਖਲਾਈ ਕੇਂਦਰ ਬੈਂਗਲੋਰ, ਭਾਰਤ ਵਿੱਚ ਆਤਮਾ ਨਾਲ ਭਰਪੂਰ, ਮਸਹ ਭਰਪੂਰ, ਕਾਰਜਕਾਰੀ ਸੇਵਕਾਈ ਵਿੱਚ ਭਾਗੀਦਾਰੀ ਦੀ ਸਿਖਲਾਈ ਅਤੇ ਸਿਧਾਂਤਕ ਤੌਰ 'ਤੇ ਸਹੀ ਅਤੇ ਪਰਮੇਸ਼ੁਰ ਦੇ ਵਚਨ ਦੇ ਬੌਧਿਕ ਸਿਧਾਂਤ ਦੇ ਨਜ਼ਰੀਏ ਤੋਂ ਪ੍ਰੇਰਣਾਦਾਇਕ ਅਧਿਐਨ ਨਾਲ ਪਵਿੱਤਰ ਆਤਮਾ ਦੀ ਅਲੌਕਿਕ ਸਮਰੱਥ ਵਿੱਚ ਸੇਵਕਾਈ ਕਰਨ ਲਈ ਤਿਆਰ ਕਰਦਾ ਹੈ। ਅਸੀਂ ਸੇਵਕਾਈ ਦੀ ਮੁਕੰਮਲ ਸ਼ਖਸੀਅਤ ਦੇ ਵਿਕਾਸ ਵਿੱਚ ਵਿਸ਼ਵਾਸ ਕਰਦੇ ਹਾਂ ਅਤੇ ਖਰਾ ਚਾਲ ਚੱਲਣ, ਪਰਮੇਸ਼ੁਰ ਦੇ ਵਚਨ ਵਿੱਚ ਡੂੰਘੀ ਨੀਂਹ ਅਤੇ ਚਿੰਨ੍ਹ ਚਮਤਕਾਰਾਂ ਅਤੇ ਅਦਭੁੱਤ ਕੰਮ 'ਤੇ ਜ਼ੋਰ ਦਿੰਦੇ ਹਾਂ, ਇਹ ਸਭ ਪ੍ਰਭੂ ਦੇ ਨਾਲ ਨਜ਼ਦੀਕੀ ਰਿਸ਼ਤੇ ਤੋਂ ਹੀ ਪ੍ਰਵਾਹ ਹੁੰਦਾ ਹੈ।

ਆਲ ਪੀਪਲਜ਼ ਚਰਚ ਬਾਈਬਲ ਕਾਲਜ (APC-BC) ਵਿੱਚ ਖਰ੍ਹੀ ਸਿੱਖਿਆ ਤੋਂ ਇਲਾਵਾ ਅਸੀਂ ਪ੍ਰਤੱਖ ਤੌਰ 'ਤੇ ਪਰਮੇਸ਼ੁਰ ਦੇ ਪ੍ਰੇਮ, ਪਵਿੱਤਰ ਆਤਮਾ ਦੇ ਮਸਹ ਅਤੇ ਹਜ਼ੂਰੀ ਅਤੇ ਪਰਮੇਸ਼ੁਰ ਦੇ ਅਲੌਕਿਕ ਕੰਮਾਂ 'ਤੇ ਜ਼ੋਰ ਦਿੰਦੇ ਹਾਂ। ਬਹੁਤ ਸਾਰੇ ਜਵਾਨ ਪੁਰਖਾਂ ਅਤੇ ਇਸਤਰੀਆਂ ਨੂੰ ਸਿਖਲਾਈ ਦੇ ਕੇ ਆਪਣੇ ਜੀਵਨਾਂ ਵਿੱਚ ਪਰਮੇਸ਼ੁਰ ਦੀ ਬੁਲਾਹਟ ਨੂੰ ਪੂਰਾ ਕਰਨ ਲਈ ਭੇਜਿਆ ਗਿਆ ਹੈ।

ਅਸੀਂ ਤਿੰਨ ਤਰ੍ਹਾਂ ਦੀਆਂ ਡਿਗਰੀਆਂ ਦਿੰਦੇ ਹਾਂ:

- ਇੱਕ ਸਾਲ ਦਾ ਸਰਟੀਫ਼ਿਕੇਟ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (C.Th.)
- ਦੋ ਸਾਲ ਦਾ ਡਿਪਲੋਮਾ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (Dip.Th.)
- ਤਿੰਨ ਸਾਲ ਦਾ ਗ੍ਰੈਜੂਏਸ਼ਨ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (B.Th.)

ਕਲਾਸਾਂ ਹਰ ਹਫ਼ਤੇ **ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਤੋਂ ਦੁਪਿਹਰ 1:00 ਵਜੇ ਤੱਕ (UTC+5:30)** ਲੱਗਦੀਆਂ ਹਨ। ਸਾਡੇ ਕੋਲ ਤਿੰਨ੍ਹ ਤਰ੍ਹਾਂ ਦੀਆਂ ਕਲਾਸਾਂ ਦੇ ਬਦਲ ਹਨ।

- **ਕੈਂਪਸ ਵਿੱਚ:** ਤੁਸੀਂ ਕੈਂਪਸ ਵਿੱਚ ਠਹਿਰ ਕੇ ਕਲਾਸਾਂ ਲੈ ਸਕਦੇ ਹੋ।
- **ਆਨਲਾਈਨ:** ਤੁਸੀਂ ਆਨਲਾਈਨ ਜਾ ਕੇ ਲਾਈਵ ਲੈਕਚਰ ਵੀ ਸੁਣ ਸਕਦੇ ਹੋ।
- **ਈ–ਲਰਨਿੰਗ:** ਤੁਸੀਂ **apcbiblecollege.org/elearn** 'ਤੇ ਆਨਲਾਈਨ ਜਾ ਕੇ ਖ਼ੁਦ ਵੀ ਪੜ੍ਹ ਸਕਦੇ ਹੋ।

**ਆਨਲਾਈਨ ਅਪਲਾਈ** ਕਰਨ ਅਤੇ ਕਾਲਜ, ਪਾਠਕ੍ਰਮ, ਯੋਗਤਾ ਫੀਸ ਬਾਰੇ ਜਾਣਕਾਰੀ ਲੈਣ ਅਤੇ ਐਪਲੀਕੇਸ਼ਨ ਫਾਰਮ ਡਾਊਨਲੋਡ ਕਰਨ ਲਈ ਕਿਰਪਾ ਕਰਕੇ **apcbiblecollege.org** ਵੇਖੋ।

ਸਾਡੇ ਜੀਵਨ ਵਿੱਚ ਕਦੇ-ਕਦੇ ਆਸ ਦੇ ਪ੍ਰਤੀਕੂਲ ਮੋੜ ਆਉਂਦੇ ਹਨ। ਅਸੀਂ ਅਚਾਨਕ ਆਪਣੇ ਆਪ ਨੂੰ ਤੂਫ਼ਾਨ ਵਿੱਚ ਘਿਰਿਆ ਹੋਇਆ ਮਹਿਸੂਸ ਕਰਦੇ ਹਾਂ। ਸਾਡੇ ਸਭਨਾਂ ਦੇ ਜੀਵਨਾਂ ਵਿੱਚ ਸਦਾ ਚੁਣੌਤੀਆਂ ਅਤੇ ਸੰਘਰਸ਼ ਹੁੰਦੇ ਹਨ। ਕਦੇ-ਕਦੇ ਅਸੀਂ ਆਪਣੇ ਆਪ ਨੂੰ ਰਾਹ ਦੇ ਬਿਲਕੁਲ ਅੰਤ ਵਿੱਚ ਪਾਉਂਦੇ ਹਾਂ ਪਰ ਨਹੀਂ ਜਾਣਦੇ ਕਿ ਹੁਣ ਕਿੱਧਰ ਨੂੰ ਮੁੜੀਏ।

ਹੋ ਸਕਦਾ ਹੈ ਕਿ ਤੁਸੀਂ ਬਿਲਕੁਲ ਇੱਕ ਆਸਹੀਣ ਹਲਾਤ-ਆਪਣੀ ਨੌਕਰੀ, ਰੁਜ਼ਗਾਰ, ਸਿੱਖਿਆ, ਘਰ, ਵਿਆਹ ਅਤੇ ਪਰਿਵਾਰ ਆਦਿ ਦੇ ਵਿਚਕਾਰ ਹੋ ਸਕਦੇ ਹੋ। ਤੁਹਾਡੇ ਜੀਵਨ ਵਿੱਚ ਬਹੁਤ ਸਾਰੀਆਂ ਗੱਲਾਂ ਗ਼ਲਤ ਹੁੰਦੀਆਂ ਜਾ ਰਹੀਆਂ ਹਨ। ਮੈਂ ਤੁਹਾਨੂੰ ਉਤਸ਼ਾਹਿਤ ਕਰਨਾ ਚਾਹੁੰਦਾ ਹਾਂ ਕਿ ਬਾਈਬਲ ਦਾ ਪਰਮੇਸ਼ੁਰ ਮਰਿਆਂ ਹੋਇਆਂ ਵਿੱਚ ਜਾਨ ਪਾਉਣ ਵਿੱਚ ਮਾਹਿਰ ਹੈ-ਅਜਿਹੇ ਹਾਲਾਤ ਵਿੱਚ ਜੋ ਮਰੇ ਜਾਂ ਆਸਹੀਣ ਪ੍ਰਤੀਤ ਹੁੰਦੇ ਹਨ। ਉਹ ਆਸਾਹੀਣ ਹਾਲਾਤ ਨੂੰ ਬਦਲਣ ਵਿੱਚ ਮਾਹਿਰ ਹੈ। ਜੇਕਰ ਉਹ ਤੁਹਾਡੇ ਵੱਲ ਹੈ। ਤਾਂ ਤੁਸੀਂ ਆਸ ਕਰ ਸਕਦੇ ਭਾਵੇਂ ਕਿ ਆਸ ਕਰਨ ਦਾ ਕੋਈ ਵੀ ਕਾਰਨ ਨਹੀਂ ਹੈ।

ਉਸ ਸਮੇਂ ਵੀ ਜਦੋਂ ਸਭ ਕੁਝ ਆਸਹੀਣ ਪ੍ਰਤੀਤ ਹੋਵੇ, ਤੁਸੀਂ ਜੇਤੂ ਬਣ ਕੇ ਬਾਹਰ ਆ ਸਕਦੇ ਹੋ। ਇਹ ਕਿਤਾਬ ਸਾਡੇ ਕੋਲ ਅਸਾਨ ਸ਼ਬਦਾਂ ਨਾਲ ਉਤਸ਼ਾਹ ਲੈ ਕੇ ਆਉਂਦੀ ਹੈ ਕਿ ਅਸੀਂ ਆਸ ਨਾ ਛੱਡੀਏ। ਪਰਮੇਸ਼ੁਰ ਅਤੇ ਉਸਦੇ ਵਚਨਾਂ ਵਿੱਚ ਆਸ ਲਗਾਈ ਰੱਖੋ। ਤੁਹਾਡੇ ਜੀਵਨ ਲਈ ਪ੍ਰਭੂ ਨੇ ਜੋ ਕਿਹਾ ਹੈ ਉਸ ਨੂੰ ਦੁਬਾਰਾ ਯਾਦ ਕਰੋ। ਆਸ ਨਾ ਛੱਡੋ।

**All Peoples Church & World Outreach**
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

Phone: +91-80-25452617
Email: contact@apcwo.org
Website: apcwo.org

ALL PEOPLES CHURCH